# وسدے رہن پنجابی

# ਵੱਸਦੇ ਰਹਿਣ ਪੰਜਾਬੀ

ਹਰਵਿੰਦਰ ਸਿੰਘ
ਚੰਡੀਗੜ੍ਹ
ہروِندر سِنگھ



اس کتاب نوں چھاپن دا سبب 15 مارچ 2022 نوں لاہور وکھے ہو رہی پنجابی لکھاریاں دی کانفرنس توں کجھ دن پہلاں اکدم بنیا اتے اس وجہ نال اس وچ جے کجھ خامیاں رہ گئیاں ہون اوہناں لئی میں معافی چاہندا ہاں۔ اس وچ صرف پنجاب، پنجابی اتے پنجابیت نال وابستہ کویتاواں ہی پیش کیتیاں گئیاں ہن۔ تاریخ وچ پنجاب ققنس دے پرندے وانگ آباد و برباد اتے مڑ آباد ہندا رہیا ہے۔ پنجاب دی زرخیز دھرتی نوں قدرت نے مڈھ قدیموں مالا مال کر کے رکھیا ہے۔ اسدے دریاواں نے اسدے میداناں نوں سر سبز بنائی رکھیا ہے جس کارن ایتھوں دے باشندیاں، چرندیاں اتے پرندیاں نوں پرکرتی نے خوب نوازیا ہے۔ پرکرتی دا سنسکرتی نال ڈونگھا سمبندھ ہندا ہے۔ ایہہ منیا جاندا ہے کہ مڈھ قدیمی منکھی سبھیتا دا سورج پنجاب دی دھرتی تے پیدا ہوئی سندھو گھاٹی دی سبھیتا دے روپ وچ اُدے ہویا سی۔ اس دیاں حسین اتے سبز وادیاں اتے دریاواں دے کنڈھیاں اتے رشیاں اوتاراں نے لافانی رچناواں لکھیاں بدھ دھرم دے سمیں توں ٹیکسلا ورگے اعلیٰ علم دے ادارے پنجاب دی دھرتی دا مان تا اتہاس رہے ہن۔

تقریباً 7 صدیاں ہندوستان دی سر زمین تے اسلامی تہذیب دا بول بالا رہا اتے اس دے سمپرک نال اتھوں دی تہذیب وچ خاص امیری آئی۔ پنجاب اتے ہندوستان دے ادب، عمارت سازی اتے سنگیت آدی دے مقام وچ وچ اسلام دا وڈا یوگدان ہے۔ مسلم قصہ کاراں اتے فنکاراں دی پنجابی ادب اتے کلچر نوں بیش قیمتی دین وی ہے۔ وارث دی ہیر ہر پنجابی دے دلاں دی دھڑکن ہے اتے اوس نوں پنجابی کلچر دی بائبل دا درجہ حاصل ہے۔ پنجاب دے صوفیاں، گوروآں، پیراں، پیغمبراں نے اپنے روحانی کلام راہیں انسانی قدراں اتے سارے دھرماں اتے جاتاں وچ سانجھی واتا والا جیون بسر کرن والا ماڈل پیش کیتا ہے جس دی اج دے ودھ رہے تنگ حالاتاں وچ ہور وی زیادہ ضرورت محسوس ہوندی ہے۔

ایہناں صوفیاں، گوروآں اتے درویشاں دے کلام دا پیغام اج دی عالمی امن اتے بھائی چارے دا پرچم بلند کر سکدا ہے اتے ایس مقصد لئی سارے ملکاں وچ وسدے پنجابی شانتی دوت وجوں وڈا رول ادا کر سکدے ہن۔ ایس بارے پنجابیاں نوں سوچن اتے عالمی پدھر تے لام بند کرن دی لوڑ ہے۔ اسیں پنجابی دھرماں جاتاں دی لڑائی وچ اُلجھ کے اپنی اس امیر ہیریٹیج، جو کل عالم دی لوکائی اتے کائنات دی بھلائی کر سکدی ہے، نوں عالمی پلیٹ فارم تک نہیں پہنچا سکے اتے پچھم دی نقل کرن وچ پھسدے جا رہے ہاں۔ ساڈے نویں نسل اپنی بولی، ادب اتے کلچر توں دور ہوندی جا رہی ہے۔ سانوں اپنی نویں نسل نوں ماں بولی اتے ورثے نال جوڑن لئی اُچیچے اپرالے کرن دی لوڑ ہے۔ پنجابیاں نے ہمیشہ ظلم اتے زبر خلاف بغاوت دا پرچم بلند کیتا ہے اتے پورس، دُلا بھٹی، بھگت سنگھ، اودھم سنگھ ورگے نائکاں نوں جنم دتا ہے۔ اس حوالے نال اس کتابچے وچ پنجاب، پنجابی اتے پنجابیت بارے کجھ کویتاواں اتے گیت پیش کرن دی کوشش کیتی گئی ہے۔ ایہناں رچناواں دا شاہ مکھی ترجمہ فیصل آباد وچ وسدی اردو پنجابی دی نامور شاعرہ صفیہ حیات اتے اوہناں دی دھی علینا حیات نے کیتا ہے، جس لئی میں اوہناں دا تہہ دلوں شکر گزار ہاں۔

ہرویندر سنگھ

بابا فرید بک فاؤنڈیشن

# ਵੱਸਦੇ ਰਹਿਣ ਪੰਜਾਬੀ

# وسدے رہن

# پنجابی

ਹਰਵਿੰਦਰ ਸਿੰਘ
ਚੰਡੀਗੜ੍ਹ

ہروِندر سنگھ
چنڈی گڑھ

اُلتھا:
**صفیہ حیات**

ਸਫ਼ੀਆ ਹਯਾਤ

بابا فرید بُک فاؤنڈیشن

پہلی وار: 2022ء
شاعر: ہرونِدر سنگھ
اُلتھا: صفیہ حیات

WASDY REHAN PUNJABI

Poetry by: Harvider Singh

Contect: call #: 9779089450

Email: jdesoharvinder63@gmail.com

Translitration: Safia Hayyat

Tilte by: Swarn Savi

بابا فریدؒ بُک فاؤنڈیشن

# *فہرست*


| | | |
|---|---|---|
| 1 | شالاوسدے رہن پنجابی<br>ਸ਼ਾਲਾ ਵੱਸਦੇ ਰਹਿਣ ਪੰਜਾਬੀ | 5 |
| 2 | جیہڑی دندی سی اسیس<br>ਜਿਹੜੀ ਦਿੰਦੀ ਸੀ ਅਸੀਸ | 9 |
| 3 | بے آب پنج آب<br>ਬੇਆਬ ਪੰਜ ਆਬ | 16 |
| 4 | ابو اجے میں موئی نہی<br>ਅੱਬੂ ਅਜੇ ਮੈ ਮੋਈ ਨਹੀ | 20 |
| 5 | جے خان نہ ہندے<br>ਜੇ ਖਾਨ ਨਾ ਹੁੰਦੇ | 26 |
| 6 | کینسر دی سیاست<br>ਕੈਂਸਰ ਦੀ ਸਿਆਸਤ | 33 |
| 7 | چٹا چٹ گیا پنجاب دی جوانی<br>ਚਿੱਟਾ ਚੱਟ ਗਿਆ ਪੰਜਾਬ ਦੀ ਜਵਾਨੀ | 37 |
| 8 | میں بھارت پاکستان میچ نہیں ویکھدا<br>ਮੈਂ ਭਾਰਤ ਪਾਕਿਸਤਾਨ ਮੈਚ ਨਹੀ ਵੇਖਦਾ | 41 |
| 9 | سانجھاں دے سانجھے ترانے ہی گایئے<br>ਸਾਂਝਾਂ ਦੇ ਸਾਂਝੇ ਤਰਾਨੇ ਹੀ ਗਾਈਏ | 46 |

10 پنجاب جغرافیے دی لکیر نہیں 50
ਪੰਜਾਬ ਜੁਗਰਾਫੀਏ ਦੀ ਲਕੀਰ ਨਹੀਂ

11 پنڈوں ماں آئی ہے 54
ਪਿੰਡੋਂ ਮਾ ਆਈ ਹੈ

12 اصلی کوہ نور - صوفیہ دلیپ سنگھ 58
ਅਸਲੀ ਕੋਹਿਨੂਰ - ਸੋਫੀਆ ਦਲੀਪ ਸਿੰਘ

13 مسے دانے 64
ਮਿੱਸੇ ਦਾਣੇ

14 اُچا برج لاہور بنام افضل احسن رندھاوا 68
ਉੱਚਾ ਬੁਰਜ ਲਾਹੌਰ ਬਨਾਮ ਅਫ਼ਜ਼ਲ ਅਹਿਸਨ ਰੰਧਾਵਾ

15 ماں بولی دی صفت وچ کجھ لفظ 72
ਮਾਂ ਬੋਲੀ ਦੀ ਸਿਫਤ ਵਿੱਚ ਕੁਝ ਲਫਜ਼

# شالا وسدے رہن پنجابی

دوویں پنجاباں اتے کل عالم دے پنجابیاں دی سلامتی اتے خیر لئی اک گیت

شالا وسدے رہن پنجابی میرے دونویں پنجاباں دے
چھیل چھبیلے تے انکھیلے پتر ایہہ پنج آباں دے...

اِکو ماں دے جائے ایہہ ہمسائے نے
بھانویں وکھ وکھ تھائیں ڈیرے لائے نے
ایہہ خوشبوئیاں ونڈن لئی ہی آئے نے
مہکاں دے ونجارے جداں ہندے پھل گلاباں دے
شالا وسدے رہن پنجابی میرے دونویں پنجاباں دے...

جدوں سکندر کوئی بندا ایہہ پورس بن جاندے نے
دلے شیر پنجابی بن کے اپنی انکھ بچاؤندے نے
اُدھم 'سنگھ محمد' بن ویری نوں مار مکاؤندے نے
نت مہماں ایہناں نوں تے سدا ہی پیر رکاباں تے
شالا وسدے رہن پنجابی میرے دونویں پنجاباں دے...

ایہہ پریتاں دیاں ریتاں والے بے پرواہ البیلے
بھنگڑے لڈیاں جھومر پاؤندے رب ایہناں نال کھیلے
گروآں پیر فقیراں دے ایہہ رل مل لاؤندے میلے
کرت کریندے شکر مناؤندے رکھدے شوق نواباں دے
شالا وسدے رہن پنجابی میرے دونویں پنجاباں دے...

سانجھی ماں بولی دے پتر ایہہ پنجابی سارے نے
چشتی نانک باہو بلا روشن اچ منارے نے
ست سمندر پار تیک وی ایہناں دے پاسارے نے
لمیاں خوب اڑاناں بھردے جھنڈ جویں سرخاباں دے

شالا وسدے رہن پنجابی میرے دونویں پنجاباں دے.
شالا وسدے رہن پنجابی جتھے وی اوہ وسدے نے
ہسدے رہن سدا ہی جیکن کھڑدے ہوئے پھُل ہسدے نے
ایہہ پر رہن سدا مل جل کے ماں جائے جیوں وسدے نے
تقسیماں دے نال سدا ہی پئے نے پیش عذاباں دے
شالا وسدے رہن پنجابی میرے دوویں پنجاباں دے...

## ਸ਼ਾਲਾ ਵੱਸਦੇ ਰਹਿਣ ਪੰਜਾਬੀ*

ਸ਼ਾਲਾ ਵੱਸਦੇ ਰਹਿਣ ਪੰਜਾਬੀ ਮੇਰੇ ਦੋਵੇਂ ਪੰਜਾਬਾਂ ਦੇ
ਛੈਲ ਛਬੀਲੇ ਤੇ ਅਣਖੀਲੇ ਪੁੱਤਰ ਇਹ ਪੰਜ ਆਬਾਂ ਦੇ...

ਇੱਕੋ ਮਾਂ ਦੇ ਜਾਏ ਇਹ ਹਮਸਾਏ ਨੇ
ਭਾਵੇਂ ਵੱਖ਼ ਵੱਖ਼ ਥਾਂਈਂ ਡੇਰੇ ਲਾਏ ਨੇ
ਇਹ ਖੁਸ਼ਬੋਈਆਂ ਵੰਡਣ ਲਈ ਹੀ ਆਏ ਨੇ
ਮਹਿਕਾਂ ਦੇ ਵਣਜਾਰੇ ਜਿੱਦਾਂ ਹੁੰਦੇ ਫੁੱਲ ਗੁਲਾਬਾਂ ਦੇ
ਸ਼ਾਲਾ ਵੱਸਦੇ ਰਹਿਣ ਪੰਜਾਬੀ ਮੇਰੇ ਦੋਵੇਂ ਪੰਜਾਬਾਂ ਦੇ ...

ਜਦੋਂ ਸਿਕੰਦਰ ਕੋਈ ਬਣਦਾ ਇਹ ਪੋਰਸ ਬਣ ਜਾਂਦੇ ਨੇ
ਦੁੱਲੇ ਸ਼ੇਰ ਪੰਜਾਬੀ ਬਣਕੇ ਆਪਣੀ ਅਣਖ ਬਚਾਉਂਦੇ ਨੇ
ਊਧਮ 'ਸਿੰਘ ਮੁਹੰਮਦ 'ਬਣ ਵੈਰੀ ਨੂੰ ਮਾਰ ਮੁਕਾਉਂਦੇ ਨੇ
ਨਿੱਤ ਮੁਹਿੰਮਾ ਇਹਨਾਂ ਨੂੰ ਤੇ ਸਦਾ ਹੀ ਪੈਰ ਰਕਾਬਾਂ ਤੇ
ਸ਼ਾਲਾ ਵੱਸਦੇ ਰਹਿਣ ਪੰਜਾਬੀ ਮੇਰੇ ਦੋਵੇਂ ਪੰਜਾਬਾਂ ਦੇ ...

---

* *(ਦੋਵੇਂ ਪੰਜਾਬਾਂ ਅਤੇ ਕੁੱਲ ਆਲਮ ਦੇ ਪੰਜਾਬੀਆਂ ਦੀ ਸਲਾਮਤੀ ਅਤੇ ਖ਼ੈਰ ਲਈ ਇੱਕ ਗੀਤ)*

ਇਹ ਪ੍ਰੀਤਾਂ ਦੀਆਂ ਰੀਤਾਂ ਵਾਲੇ ਬੇਪਰਵਾਹ ਅਲਬੇਲੇ
ਭੰਗੜੇ ਲੁੱਡੀਆਂ ਝੂਮਰ ਪਾਉਂਦੇ ਰੱਬ ਇਹਨਾਂ ਨਾਲ ਖੇਲੇ
ਗੁਰੂਆਂ ਪੀਰ ਫਕੀਰਾਂ ਦੇ ਇਹ ਰਲ ਮਿਲ ਲਾਉਂਦੇ ਮੇਲੇ
ਕਿਰਤ ਕਰੇਂਦੇ ਸ਼ੁਕਰ ਮਨਾਉਂਦੇ ਰੱਖਦੇ ਸ਼ੌਕ ਨਵਾਬਾਂ ਦੇ
ਸ਼ਾਲਾ ਵੱਸਦੇ ਰਹਿਣ ਪੰਜਾਬੀ ਮੇਰੇ ਦੋਵੇਂ ਪੰਜਾਬਾਂ ਦੇ ...

ਸਾਂਝੀ ਮਾਂ ਬੋਲੀ ਦੇ ਪੁੱਤਰ ਇਹ ਪੰਜਾਬੀ ਸਾਰੇ ਨੇ
ਚਿਸ਼ਤੀ ਨਾਨਕ ਬਾਹੂ ਬੁੱਲਾ ਰੌਸ਼ਨ ਉੱਚ ਮੁਨਾਰੇ ਨੇ
ਸੱਤ ਸਮੁੰਦਰ ਪਾਰ ਤੀਕ ਵੀ ਇਹਨਾਂ ਦੇ ਪਾਸਾਰੇ ਨੇ
ਲੰਮੀਆਂ ਖੂਬ ਉਡਾਨਾਂ ਭਰਦੇ ਝੁੰਡ ਜਿਵੇਂ ਸੁਰਖ਼ਾਬਾਂ ਦੇ
ਸ਼ਾਲਾ ਵੱਸਦੇ ਰਹਿਣ ਪੰਜਾਬੀ ਮੇਰੇ ਦੋਵੇਂ ਪੰਜਾਬਾਂ ਦੇ ...

ਸ਼ਾਲਾ ਵੱਸਦੇ ਰਹਿਣ ਪੰਜਾਬੀ ਜਿੱਥੇ ਵੀ ਉਹ ਵੱਸਦੇ ਨੇ
ਹੱਸਦੇ ਰਹਿਣ ਸਦਾ ਹੀ ਜੀਕਣ ਖਿੜਦੇ ਹੋਏ ਫੁੱਲ ਹੱਸਦੇ ਨੇ
ਐਪਰ ਰਹਿਣ ਸਦਾ ਮਿਲਜੁਲ ਕੇ ਮਾਂ ਜਾਏ ਜਿਉਂ ਵੱਸਦੇ ਨੇ
ਤਕਸੀਮਾਂ ਦੇ ਨਾਲ ਸਦਾ ਹੀ ਪਏ ਨੇ ਪੇਸ਼ ਅਜ਼ਾਬਾਂ ਦੇ
ਸ਼ਾਲਾ ਵੱਸਦੇ ਰਹਿਣ ਪੰਜਾਬੀ ਮੇਰੇ ਦੋਵੇਂ ਪੰਜਾਬਾਂ ਦੇ ...

# جیہڑی دیندی سی اسیس

جیہڑی دیندی سی اسیس سچے شبد اں دے نال
میرے سامنے اوہ ماں بولی مری جاندی آ
کنڈ کر کے اولاد دہے پواندی ول کھڑی
بھرے من نال ویکھ کے ماں جری جاندی آ
جیہڑی آکھدی سی جیندا رہویں جین جو گیا
میرے سامنے اوہ ماں میری مری جاندیآ...
جیہڑی دیندی سی...

ایہدے کرماں تے دھر ماں نے ڈاکہ ماریا
بھائی ملیاں مولانیاں نے ونڈ ماریا
ایہنوں اپنی اولا دنے ہی درکاریا
ایہنوں پوٹا پوٹا ٹوٹا ٹوٹا کر ماریا
ایہدی اینی ہوئی ونڈ جیہنے توڑ سٹی کنڈ
بے غیرتی انس سبھ جری جاندی ہے
جیہڑی دیندی سی...

پنج آباں دی ایہہ جائی، سرخاب مرغائی
جد پتناتے آئی سارے مچ گئی دہائی
پنچھی کنے پرواس دے وی نال ایہہ لیائی
اج پانی پانی پانیاں 'چ اپنے پرائی
سبھ سک چلے آب، مک چلے سارے خواب
سک چلے ایہدے ماہیاں جئے راوی تے چناب
پانی آباں والا اکھیاں 'چ بھری جاندی آ
جیہڑی دیندی سی اسیس...

ناتھ جوگیاں دے ویہڑے کھیڈ ہوئی مٹیار
گر وصوفیاں فقیراں کیتا لاڈ تے پیار
پنج آباں دے دواباں 'وچ گلاں چلیاں
جد عربی تے فارسی نے کیتا آشنگار
کتے بلا نال نچے کتے رانجھا نال گاوے

سارے نال نچ اٹھے ٹلے تکیئے مزار
تری جاندی دی مڑک لوک تک تک کے
سارے آکھدے سی ویکھو ویکھو پری جاندی آ
جیہڑی دندی سی اسیس...

کنے عطراں دے عرق نے ایہدے 'چ سمائے
سچے پاتشاہ دے بول، واک شبد ایہہ گائے
ایہہ مکیاں داحج تے قرآن دی آذان
جوگی الکھ جگائے گرو خلق جگائے
ایہدی آتما 'چ پریتاں دیاں ریتاں بھریاں
ایہدے گیتاں وچوں بھنی بھنی خشبوئی آوے
جو سی کدے پٹرانی گولی بن گئی نتانی
نمو جھونی ہو نمانی من بھری جاندی آ
جیہڑی دیندی سی اسیس....

اس دیس دیاں ماواں اوہتوں مکھ موڑیا
ننھے بالاں نوں وی ایہدے بولاں توں وچھوڑیا
ماں نوں چھڈ کے بیگانیاں ویرانیاں دے وچ
دھیاں پتر اس نے وڈے گھریں ساک جوڑیا
ایہنوں مولوں ہی وسار ایہدا کر تر سکار
ایہدے دودھ دا قرض اوہناں انج موڑیا

کلی کونج کرلاوے ٹُٹامان سارے داعوے
جگوں مک چلا سیر منوڈری جاندی آ
جیہڑی دیندی سی اسیس....

اٹھو شیر دلیو تے اٹھو دھیوں رانیوں

درد ونڈاؤ ماں دا مرض وی جانیوں

مالوے دے پتر و مجھیل تے دوابیؤ

ساغراں توں پار تے لاہور دے پنجابیو

کون آکھو ساریاں نوں اوئے! جیین جوگیو

کہن والی تے ماں جدوں مر ی جاندی آ

جیہڑی دیندی سی اسیس....

# ਜਿਹੜੀ ਦਿੰਦੀ ਸੀ ਅਸੀਸ

ਜਿਹੜੀ ਦਿੰਦੀ ਸੀ ਅਸੀਸ ਸੁੱਚੇ ਸ਼ਬਦਾਂ ਦੇ ਨਾਲ
ਮੇਰੇ ਸਾਹਮਣੇ ਉਹ ਮਾਂ ਬੋਲੀ ਮਰੀ ਜਾਂਦੀ ਆ
ਕੰਡ ਕਰਕੇ ਔਲਾਦ ਹੈ ਪੁਆਂਦੀ ਵੱਲ ਖੜੀ
ਭਰੇ ਮਨ ਨਾਲ ਵੇਖ ਕੇ ਮਾਂ ਜਰੀ ਜਾਂਦੀ ਆ
ਜਿਹੜੀ ਆਖਦੀ ਸੀ ਜੀਂਦਾ ਰਵੇਂ ਜੀਣ ਜੋਗਿਆ
ਮੇਰੇ ਸਾਹਮਣੇ ਉਹ ਮਾਂ ਮੇਰੀ ਮਰੀ ਜਾਦੀ ਆ...
ਜਿਹੜੀ ਦਿੰਦੀ ਸੀ ...

ਇਹਦੇ ਕਰਮਾਂ ਤੇ ਧਰਮਾਂ ਨੇ ਡਾਕਾ ਮਾਰਿਆ
ਭਾਈ ਮੁੱਲਿਆਂ ਮੌਲਾਣਿਆਂ ਨੇ ਵੰਡ ਮਾਰਿਆ
ਇਹਨੂੰ ਆਪਣੀ ਔਲਾਦ ਨੇ ਹੀ ਦੁਰਕਾਰਿਆ
ਇਹਨੂੰ ਪੋਟਾ ਪੋਟਾ ਟੋਟਾ ਟੋਟਾ ਕਰ ਮਾਰਿਆ
ਇਹਦੀ ਏਨੀ ਹੋਈ ਵੰਡ ਜਿਹਨੇ ਤੋੜ ਸੁੱਟੀ ਕੰਡ
ਬੇਗੈਰਤੀ ਅਣਸ ਸਭ ਜਰੀ ਜਾਂਦੀ ਹੈ
ਜਿਹੜੀ ਦਿੰਦੀ ਸੀ ...

ਪੰਜ ਆਬਾਂ ਦੀ ਇਹ ਜਾਈ, ਸੁਰਖ਼ਾਬ ਮੁਰਗਾਈ
ਜਦ ਪੱਤਣਾਂ ਤੇ ਆਈ ਸਾਰੇ ਮੱਚਗੀ ਦੁਹਾਈ

ਪੰਛੀ ਕਿੰਨੇ ਪ੍ਰਵਾਸ ਦੇ ਵੀ ਨਾਲ ਇਹ ਲਿਆਈ
ਅੱਜ ਪਾਣੀ ਪਾਣੀ ਪਾਣੀਆਂ 'ਚ ਆਪਣੇ ਪਰਾਈ
ਸਭ ਸੁੱਕ ਚੱਲੇ ਆਬ ,ਮੁੱਕ ਚੱਲੇ ਸਾਰੇ ਖਾਬ
ਸੁੱਕ ਚੱਲੇ ਇਹਦੇ ਮਾਪਿਆਂ ਜਏ ਰਾਵੀ ਤੇ ਚਨਾਬ
ਪਾਣੀ ਆਬਾਂ ਵਾਲਾ ਅੱਖੀਆਂ 'ਚ ਭਰੀ ਜਾਂਦੀ ਆ
ਜਿਹੜੀ ਦਿੰਦੀ ਸੀ ਅਸੀਸ...

ਨਾਥ ਜੋਗੀਆਂ ਦੇ ਵਿਹੜੇ ਖੇਡ ਹੋਈ ਮੁਟਿਆਰ
ਗੁਰੂ ਸੂਫੀਆਂ ਫਕੀਰਾਂ ਕੀਤਾ ਲਾਡ ਤੇ ਪਿਆਰ
ਪੰਜ ਆਬਾਂ ਦੇ ਦੁਆਬਾਂ ਵਿੱਚ ਗੱਲਾਂ ਚੱਲੀਆਂ
ਜਦ ਅਰਬੀ ਤੇ ਫ਼ਾਰਸੀ ਨੇ ਕੀਤਾ ਆ ਸ਼ਿੰਗਾਰ
ਕਿਤੇ ਬੁੱਲਾ ਨਾਲ ਨੱਚੇ ਕਿਤੇ ਰਾਂਝਾ ਨਾਲ ਗਾਵੇ
ਸਾਰੇ ਨਾਲ਼ ਨੱਚ ਉਠੇ ਟਿੱਲੇ ਤਕੀਏ ਮਜ਼ਾਰ
ਤੁਰੀ ਜਾਂਦੀ ਦੀ ਮੜਕ ਲੋਕ ਤੱਕ ਤੱਕ ਕੇ
ਸਾਰੇ ਆਖਦੇ ਸੀ ਵੇਖੋ ਵੇਖੋ ਪਰੀ ਜਾਂਦੀ ਆ
ਜਿਹੜੀ ਦਿੰਦੀ ਸੀ ਅਸੀਸ ...

ਕਿੰਨੇ ਇਤਰਾਂ ਦੇ ਅਰਕ ਨੇ ਇਹਦੇ 'ਚ ਸਮਾਏ
ਸੱਚੇ ਪਾਤਸ਼ਾਹ ਦੇ ਬੋਲ ,ਵਾਕ ਸ਼ਬਦ ਇਹ ਗਾਏ
ਇਹ ਮੱਕਿਆਂ ਦਾ ਹੱਜ ਤੇ ਕੁਰਾਨ ਦੀ ਅਜ਼ਾਨ
ਜੋਗੀ ਅਲਖ ਜਗਾਏ ਗੁਰੂ ਖ਼ਲਕ ਜਗਾਏ
ਇਹਦੀ ਆਤਮਾ 'ਚ ਪ੍ਰੀਤਾਂ ਦੀਆ ਰੀਤਾਂ ਭਰੀਆਂ
ਇਹਦੇ ਗੀਤਾਂ ਵਿੱਚੋਂ ਭਿੰਨੀ ਭਿੰਨੀ ਖੁਸ਼ਬੋਈ ਆਵੇ
ਜੋ ਸੀ ਕਦੇ ਪਟਰਾਣੀ ਗੋਲੀ ਬਣਗੀ ਨਿਤਾਣੀ
ਨਿੰਮੋਝੂਣੀ ਹੋ ਨਿਮਾਣੀ ਮਨ ਭਰੀ ਜਾਂਦੀ ਆ
ਜਿਹੜੀ ਦਿੰਦੀ ਸੀ ਅਸੀਸ....

ਇਸ ਦੇਸ ਦੀਆਂ ਮਾਵਾਂ ਇਹਤੋਂ ਮੁੱਖ ਮੋੜਿਆ

ਉਹਨਾ ਬਾਲਾਂ ਨੂੰ ਵੀ ਇਹਦੇ ਬੋਲਾਂ ਤੋਂ ਵਿਛੋੜਿਆ
ਮਾਂ ਨੂੰ ਛੱਡ ਕੇ ਬੇਗਾਨਿਆਂ ਵੀਰਾਨਿਆਂ ਦੇ ਵਿੱਚ
ਧੀਆਂ ਪੁੱਤਰਾਂ ਨੇ ਵੱਡੇ ਘਰੀਂ ਸਾਕ ਜੋੜਿਆ
ਇਹਨੂੰ ਮੂਲੋਂ ਹੀ ਵਿਸਾਰ ਇਹਦਾ ਕਰ ਤ੍ਰਿਸਕਾਰ
ਇਹਦੇ ਦੁੱਧ ਦਾ ਕਰਜ਼ ਉਹਨਾ ਇੰਜ ਮੋੜਿਆ
ਕੱਲੀ ਕੂੰਜ ਕੁਰਲਾਵੇ ਟੁੱਟਾ ਮਾਣ ਸਾਰੇ ਦਾਅਵੇ
ਜੱਗੋਂ ਮੁੱਕ ਚੱਲਾ ਸੀਰ ਮਨੋ ਡਰੀ ਜਾਂਦੀ ਆ
ਜਿਹੜੀ ਦਿੰਦੀ ਸੀ ਅਸੀਸ ....

ਉੱਠੋ ਸ਼ੇਰ ਦੁੱਲਿਓ ਤੇ ਉੱਠੋ ਧੀਓਂ ਰਾਣੀਓਂ
ਦਰਦ ਵੰਡਾਓ ਮਾਂ ਦਾ ਮਰਜ਼ ਵੀ ਜਾਣਿਓਂ
ਮਾਲਵੇ ਦੇ ਪੁੱਤਰੋ ਮਝੈਲ ਤੇ ਦੁਆਬੀਓ
ਸਾਗਰਾਂ ਤੋਂ ਪਾਰ ਤੇ ਲਾਹੌਰ ਦੇ ਪੰਜਾਬੀਓ
ਕੌਣ ਆਖੂ ਸਾਰਿਆਂ ਓਏ ! ਜੀਣ ਜੋਗਿਓ
ਕਹਿਣ ਵਾਲੀ ਤੇ ਮਾਂ ਜਦੋਂ ਮਰੀ ਜਾਂਦੀ ਆ
ਜਿਹੜੀ ਦਿੰਦੀ ਸੀ ਅਸੀਸ ....

# بے آب پنج آب

پنج آباں دا پنجاب ہی، بے آب ہوئی جاندا اے
بوٹا بوٹا ہے اداس تے منکھ روئی جاندا اے۔

جنڈ ککر اں کریراں نوں سوال پچھدے
ساڈے ساوے ساوے پتے نے کیوں جاندے سکدے
ٹاہلی بیریاں بروٹے کیوں نے جاندے مکدے
پانی جڑھاں توں کیوں دور دور ہوئی جاندا اے
پنج آباں دا پنجاب ہی...

جنہاں پانیاں حیاتی والا گیت گایا سی
خالی انکاسہ وطن دا بھروایا سی
خالی گیا نہ سوالی جو وی در آیا سی
اج کھیت کھیت، ریت ریت ہوئی جاندا اے
پنج آباں دا پنجاب ہی...

آب مک گئے تاں پنجاب مک جانا اے
ساوا ساوا حسن شباب مک جانا اے
راوی سک جانی تے چناب سک جانا اے
وترنہ سانبھیا جے پینا پچھتانا اے
اُٹھو جاگو جی جناب کی ایہہ ہوئی جاندا اے؟
پنج آباں دا پنجاب ہی

جیویں آخری سمیں تے کوئی واجاں ماردا
جیویں زندگی دی بازی کوئی جاند اہاردا
مینوں مرنو بچالو جویں ہے پکاردا'
پنج آباں داوی حالَ اوہی ہوئی جاندا اے
پنج آباں دا پنجاب ہی...

# ਬੇਆਬ ਪੰਜ ਆਬ

ਪੰਜ ਆਬਾਂ ਦਾ ਪੰਜਾਬ ਹੀ , ਬੇਆਬ ਹੋਈ ਜਾਂਦਾ ਏ
ਬੂਟਾ ਬੂਟਾ ਹੈ ਉਦਾਸ ਤੇ ਮਨੁੱਖ ਰੋਈ ਜਾਂਦਾ ਏ।

ਜੰਡ ਕਿੱਕਰਾਂ ਕਰੀਰਾਂ ਨੂੰ ਸਵਾਲ ਪੁੱਛਦੇ
ਸਾਡੇ ਸਾਵੇ ਸਾਵੇ ਪੱਤੇ ਨੇ ਕਿਉਂ ਜਾਂਦੇ ਸੁੱਕਦੇ
ਟਾਹਲੀ ਬੇਰੀਆਂ ਬਰੋਟੇ ਕਿਉਂ ਨੇ ਜਾਂਦੇ ਮੁੱਕਦੇ
ਪਾਣੀ ਜੜ੍ਹਾਂ ਤੋਂ ਕਿਉਂ ਦੂਰ ਦੂਰ ਹੋਈ ਜਾਂਦਾ ਏ
ਪੰਜ ਆਬਾਂ ਦਾ ਪੰਜਾਬ ਹੀ ...

ਜਿਹਨਾ ਪਾਣੀਆਂ ਹਯਾਤੀ ਵਾਲਾ ਗੀਤ ਗਾਇਆ ਸੀ
ਖਾਲੀ ਅੰਨ-ਕਾਸਾ ਵਤਨ ਦਾ ਭਰਵਾਇਆ ਸੀ
ਖਾਲੀ ਗਿਆ ਨਾ ਸਵਾਲੀ ਜੋ ਵੀ ਦਰ ਆਇਆ ਸੀ
ਅੱਜ ਖੇਤ ਖੇਤ ,ਰੇਤ ਰੇਤ ਹੋਈ ਜਾਂਦਾ ਏ
ਪੰਜ ਆਬਾਂ ਦਾ ਪੰਜਾਬ ਹੀ ...

ਆਬ ਮੁੱਕ ਗਏ ਤਾਂ ਪੰਜਾਬ ਮੁਕ ਜਾਣਾ ਏ
ਸਾਵਾ ਸਾਵਾ ਹੁਸਨ ਸ਼ਬਾਬ ਮੁੱਕ ਜਾਣਾ ਏ
ਰਾਵੀ ਸੁੱਕ ਜਾਣੀ ਤੇ ਚਨਾਬ ਸੁੱਕ ਜਾਣਾ ਏ

ਵੱਤਰ ਨਾ ਸਾਂਭਿਆ ਜੇ ਪੈਣਾ ਪਛਤਾਣਾ ਏ
ਉੱਠੋ ਜਾਗੋ ਜੀ ਜਨਾਬ ਕੀ ਇਹ ਹੋਈ ਜਾਂਦਾ ਏ ?
ਪੰਜ ਆਬਾਂ ਦਾ ਪੰਜਾਬ ਹੀ ...

ਜਿਵੇਂ ਆਖਰੀ ਸਮੇਂ ਤੇ ਕੋਈ ਵਾਜਾਂ ਮਾਰਦਾ
ਜਿਵੇਂ ਜਿੰਦਗੀ ਦੀ ਬਾਜ਼ੀ ਕੋਈ ਜਾਂਦਾ ਹਾਰਦਾ
ਮੈਨੂੰ ਮਰਨੋ ਬਚਾ ਲਓ ਜਿਵੇਂ ਹੈ ਪੁਕਾਰਦਾ
ਪੰਜ ਆਬਾਂ ਦਾ ਵੀ ਹਾਲ ਓਹੀ ਹੋਈ ਜਾਂਦਾ ਏ
ਪੰਜ ਆਬਾਂ ਦਾ ਪੰਜਾਬ ਹੀ ...

# ابو اجے میں موئی نہی

دھی اک جمی جدوں چر اں بعد ماپیاں دے
ہوئیاں سی مراداں سبھ پوریاں
چاواں نال پالیا سی لاڈاں دے پنگھوڑے پا کے
بھل سبھ تھڑاں مجبوریاں۔

کلی کلی دھی سی جو جمی کل کوڑمے 'چ
پتاں نالوں ودھ کے پیاری سی
ماں دی تاں جند سی تے پتا دی وی جان سی اوہ
ویراں دی وی چھندی تے دلاری سی
تائے چاچے دادے جدوں کڑے کڑے سد دے تاں
جاپے 'واج دھرتی نوں ماری سی
گڈیاں پٹولیاں دے والی کھیڈ، کھیڈ جدو
ہو گئی اوہ بھر مٹیار سی
اُچیاں اکاشاں وچ پھرے دور اڈدی تے

سپنے 'چ کوئی راج کمار سی
امی نال رل کے سہیلیاں دے نال بہہ کے
کیتا سارا داج وی تیار سی
دریاں کی وریاں تے باغ پھلکاری کھیس
پلنگھاں دی رنگلی نوار سی
ٹاہلی دا صندوق آیا بن کے لاہوروں ٹوماں
جتی وی قصوری تلے دھار سی

سُپنے ایہہ دھی دے سی رہِ گئے کوارے سارے
اللہ نوں تے ہور منظور سی
پے گئے اجاڑے گھگ وسدے پنجاب وچ
سراں نوں کوئی چڑھیا فتور سی۔
نراں سر کفن سی بجھ گئے راتو رات
مانگاں وچ خون دے سیندور سی
سدھراں دے نال دھیاں پالیاں سی ماپیاں جو

مارن نوں ہوئے مجبور سی
دھیاں ٹیار سن، نر نہیں ناریاں سی
ایہی بس ایہناں دا قصور سی
کئیاں نے سی کھوہاں وچ خود چھالاں ماریاں
وڈھے کئی سکیاں نے پور سی

لاڈاں نال پالی اس دھی ڈاڈاں ماریاں
کنی جدوں پئی کنسوء سی
کہ باپو چاچے تائے دادے مارن توں پہلاں اوہنوں
گل لگ لگ رہے روسی

بھرے من نال سبھ آکھیا سی باپ نوں ہی
اپنی جائی دی لوے جان نوں
بے پت ہون تے بیگانے انگیں چھوہن نالوں
ماردیوو آپ سنتان نوں
کر کے پہاڑ جیرا اپتانے جاں کڈھیا
چک کے میانو کرپان نوں
وار کیتا زور نال پر ہتھ کنبھ گئے
مارے کنج اپنی ہی جان نوں

کر کے جاں وار باپ آیا باہر بھباں مار
دھی دی آواز پچھوں آئی سی
ابو میں نئی موئی حالے وار تیتھوں کنب گیا
کیونکہ تیری اپنی میں جائی سی
کر ہور وار مینوں پوری طرح مار، ابا
مینوں وی 'آزادی' پوری چاہیدی

# ਅੱਬੂ ਅਜੇ ਮੈ ਮੋਈ ਨਹੀ

ਧੀ ਇੱਕ ਜੰਮੀ ਜਦੋਂ ਚਿਰਾਂ ਬਾਅਦ ਮਾਪਿਆਂ ਦੇ
ਹੋਈਆਂ ਸੀ ਮੁਰਾਦਾਂ ਸਭ ਪੂਰੀਆਂ
ਚਾਵਾਂ ਨਾਲ ਪਾਲਿਆ ਸੀ ਲਾਡਾਂ ਦੇ ਪੰਘੂੜੇ ਪਾ ਕੇ
ਭੁੱਲ ਸਭ ਥੁੜਾਂ ਮਜਬੂਰੀਆਂ।

ਕੱਲੀ ਕੱਲੀ ਧੀ ਸੀ ਜੋ ਜੰਮੀ ਕੁੱਲ ਕੋੜਮੇ 'ਚ
ਪੁੱਤਾਂ ਨਾਲੋਂ ਵਧਕੇ ਪਿਆਰੀ ਸੀ
ਮਾਂ ਦੀ ਤਾਂ ਜਿੰਦ ਸੀ ਤੇ ਪਿਤਾ ਦੀ ਵੀ ਜਾਨ ਸੀ ਉਹ
ਵੀਰਾਂ ਦੀ ਵੀ ਛਿੰਦੀ ਤੇ ਦੁਲਾਰੀ ਸੀ
ਤਾਏ ਚਾਚੇ ਦਾਦੇ ਜਦੋਂ ਕੁੜੇ ਕੁੜੇ ਸੱਦਦੇ ਤਾਂ
ਜਾਪੇ 'ਵਾਜ ਧਰਤੀ ਨੂੰ ਮਾਰੀ ਸੀ
ਗੁੱਡੀਆਂ ਪਟੋਲਿਆਂ ਦੇ ਵਾਲੀ ਖੇਡ, ਖੇਡ ਜਦੋ
ਹੋ ਗਈ ਉਹ ਭਰ ਮੁਟਿਆਰ ਸੀ
ਉੱਚਿਆਂ ਅਕਾਸ਼ਾਂ ਵਿੱਚ ਫਿਰੇ ਦੂਰ ਉੱਡਦੀ ਤੇ
ਸੁਪਨੇ 'ਚ ਕੋਈ ਰਾਜਕੁਮਾਰ ਸੀ
ਅੰਮੀ ਨਾਲ ਰਲ ਕੇ ਸਹੇਲੀਆਂ ਦੇ ਨਾਲ ਬਹਿ ਕੇ
ਕੀਤਾ ਸਾਰਾ ਦਾਜ ਵੀ ਤਿਆਰ ਸੀ

ਦਰੀਆਂ ਕੀ ਵਰੀਆਂ ਤੇ ਬਾਗ ਫੁਲਕਾਰੀ ਖੇਸ
ਪਲੰਘਾਂ ਦੀ ਰੰਗਲੀ ਨਵਾਰ ਸੀ
ਟਾਹਲੀ ਦਾ ਸੰਦੂਕ ਆਇਆ ਬਣ ਕੇ ਲਾਹੌਰੋਂ ਟੂਮਾਂ
ਜੁੱਤੀ ਵੀ ਕਸੂਰੀ ਤਿੱਲੇਧਾਰ ਸੀ ।

ਸੁਪਨੇ ਇਹ ਧੀ ਦੇ ਸੀ ਰਹਿ ਗਏ ਕੁਆਰੇ ਸਾਰੇ
ਅੱਲਾ ਨੂੰ ਤੇ ਹੋਰ ਮਨਜ਼ੂਰ ਸੀ
ਪੈ ਗਏ ਉਜਾੜੇ ਘੁੱਗ ਵਸਦੇ ਪੰਜਾਬ ਵਿੱਚ
ਸਿਰਾਂ ਨੂੰ ਕੋਈ ਚੜਿਆ ਫਤੂਰ ਸੀ ।

ਨਰਾਂ ਸਿਰ ਕਫਨ ਸੀ ਬੱਝ ਗਏ ਰਾਤੋ ਰਾਤ
ਮਾਂਗਾਂ ਵਿੱਚ ਖ਼ੂਨ ਦੇ ਸੰਧੂਰ ਸੀ
ਸੱਧਰਾਂ ਦੇ ਨਾਲ ਧੀਆਂ ਪਾਲੀਆਂ ਸੀ ਮਾਪਿਆਂ ਜੋ

ਮਾਰਨ ਨੂੰ ਹੋਏ ਮਜਬੂਰ ਸੀ
ਧੀਆਂ ਮੁਟਿਆਰ ਸਨ , ਨਰ ਨਹੀਂ ਨਾਰੀਆਂ ਸੀ
ਇਹੀ ਬਸ ਉਹਨਾ ਦਾ ਕਸੂਰ ਸੀ
ਕਈਆਂ ਨੇ ਸੀ ਖੂਹਾਂ ਵਿੱਚ ਖੁਦ ਛਾਲਾਂ ਮਾਰੀਆਂ
ਵੱਢੇ ਕਈ ਸਕਿਆਂ ਨੇ ਪੂਰ ਸੀ।

ਲਾਡਾਂ ਨਾਲ ਪਾਲੀ ਇਸ ਧੀ ਡਾਡਾਂ ਮਾਰੀਆਂ
ਕੰਨੀ ਜਦੋਂ ਪਈ ਕਨਸੋਅ ਸੀ
ਕਿ ਬਾਪੂ ਚਾਚੇ ਤਾਏ ਦਾਦੇ ਮਾਰਨ ਤੋਂ ਪਹਿਲਾਂ ਉਹਨੂੰ
ਗਲ ਲਗ ਲਗ ਰਹੇ ਰੋ ਸੀ।

ਭਰੇ ਮਨ ਨਾਲ ਸਭ ਆਖਿਆ ਸੀ ਬਾਪ ਨੂੰ ਹੀ
ਆਪਣੀ ਜਾਈ ਦੀ ਲਵੇ ਜਾਨ ਨੂੰ
ਬੇਪੱਤ ਹੋਣ ਤੇ ਬਿਗਾਨੇ ਅੰਗੀਂ ਛੋਹਣ ਨਾਲੋਂ
ਮਾਰ ਦੇਵੋ ਆਪ ਸੰਤਾਨ ਨੂੰ
ਕਰਕੇ ਪਹਾੜ ਜੇਰਾ ਪਿਤਾ ਨੇ ਜਾਂ ਕੱਢਿਆ
ਚੁੱਕ ਕੇ ਮਿਆਨੋ ਕਿਰਪਾਨ ਨੂੰ
ਵਾਰ ਕੀਤਾ ਜੋਰ ਨਾਲ ਪਰ ਹੱਥ ਕੰਬ ਗਏ
ਮਾਰੇ ਕਿੰਜ ਆਪਣੀ ਹੀ ਜਾਨ ਨੂੰ।

ਕਰ ਕੇ ਜਾਂ ਵਾਰ ਬਾਪ ਆਇਆ ਬਾਹਰ ਭੁੱਬਾਂ ਮਾਰ
ਧੀ ਦੀ ਆਵਾਜ਼ ਪਿੱਛੋਂ ਆਈ ਸੀ
ਅੱਬੂ ਮੈਂ ਨਈ ਮੋਈ ਹਾਲੇ ਵਾਰ ਤੈਥੋਂ ਕੰਬ ਗਿਆ
ਕਿਉਂਕਿ ਤੇਰੀ ਆਪਣੀ ਮੈ ਜਾਈ ਸੀ
ਕਰ ਹੋਰ ਵਾਰ ਮੈਨੂੰ ਪੂਰੀ ਤਰਾਂ ਮਾਰ ,ਅੱਬਾ
ਮੈਨੂੰ ਵੀ 'ਅਜਾਦੀ' ਪੂਰੀ ਚਾਹੀਦੀ।

# جے خان نہ ہندے*

جے خان نہ ہندے
خانگاہاں نہ ہندیاں
تکیے مسیتاں
درگاہاں نہ ہندیاں
صوفی نہ ہندے
فقیر نہ ہندے
سانجھاں دے سانجھے
سفیر نہ ہندے
فرید نہ ہندا
کبیر نہ ہندا
خسرو نہ ہندا
بلھا نہ ہندا

*'ایہہ نظم اوہناں اسلامک پچھوکڑ نال سنبندھت ادیباں کلاکاراں نوں سمپرت ہے جہناں نے ہندوستان دی تواریخ اتے تہذیب دے نقشاں نوں سوارن اتے نکھارن وچّ وڈا یوگدان پایا۔

غالب نہ ہندا
وارث نہ ہندا
رہتل نوں اینا
ڈھارس نہ ہندا
جے خان نہ ہندے
تاج نہ ہندا
گنبد نہ ہندے

محراب نہ ہندا
عمارتی قطب
مینار نہ ہندا
بلند دروازہ
شاہکار نہ ہندا
لال قلعہ نہ ہندا
سنہری مسجد نہ ہندی
ایہہ گلوکاری تے

میناکاری نہ ہندی
تاریخ ہند اینی
پیاری نہ ہندی
ایہہ دلی ہے جو اوہ دلی نہ ہندی

لکھنوَوی ایہہ لکھنوَنہ ہندا
ایہہ آگرہ فتح پوروی
اجیہانہ ہندا

جے خان نہ ہندے
منٹونہ ہندا
اقبال نہ ہندا
ساحرنہ ہندا
رفیع نہ ہندا
کیفی نہ ہندا
جاویدنہ ہندا

شبانہ نہ ہندی
تہذیب اینی
شاہانہ نہ ہندی
عرفان نہ ہندا
عمران نہ ہندا
عامرنہ ہندا
سلمان نہ ہندا
خسر وتے عبد الکلام
نہ ہندا

جے خان نہ ہندے

جے اسلام نہ ہندا

ہند دا ایہہ

مقام نہ ہندا

ہند تے اینا

مان نہ ہندا

# ਜੇ ਖਾਨ ਨਾ ਹੁੰਦੇ

ਜੇ ਖਾਨ ਨਾ ਹੁੰਦੇ
ਖਾਨਗਾਹਾਂ ਨਾ ਹੁੰਦੀਆਂ
ਤਕੀਏ ਮਸੀਤਾਂ
ਦਰਗਾਹਾਂ ਨਾ ਹੁੰਦੀਆਂ
ਸੂਫੀ ਨਾ ਹੁੰਦੇ
ਫ਼ਕੀਰ ਨਾ ਹੁੰਦੇ
ਸਾਂਝਾਂ ਦੇ ਸਾਂਝੇ
ਸਫ਼ੀਰ ਨਾ ਹੁੰਦੇ
ਫਰੀਦ ਨਾ ਹੁੰਦਾ
ਕਬੀਰ ਨਾ ਹੁੰਦਾ
ਖੁਸਰੋ ਨਾ ਹੁੰਦਾ
ਬੁੱਲ੍ਹਾ ਨਾ ਹੁੰਦਾ
ਗਾਲਿਬ ਨਾ ਹੁੰਦਾ
ਵਾਰਸ ਨਾ ਹੁੰਦਾ
ਰਹਿਤਲ ਨੂੰ ਏਨਾ

---

*† *(ਇਹ ਨਜ਼ਮ ਕੁਛ ਉਹਨਾਂ ਸਭ ਇਸਲਾਮਿਕ ਪਿਛੋਕੜ ਨਾਲ ਸੰਬੰਧਿਤ ਅਦੀਬਾਂ ਕਲਾਕਾਰਾਂ ਨੂੰ ਸਮਪਰਿਤ ਹੈ ਜਿਹਨਾਂ ਨੇ ਹਿੰਦੁਸਤਾਨ ਦੀ ਤਵਾਰੀਖ਼ ਅਤੇ ਤਹਿਜ਼ੀਬ ਦੇ ਨਕਸ਼ਾਂ ਨੂੰ ਸਵਾਰਨ ਅਤੇ ਨਿਖਾਰਨ ਵਿੱਚ ਵੱਡਾ ਯੋਗਦਾਨ ਪਾਇਆ)*

ਢਾਰਸ ਨਾ ਹੁੰਦਾ।

ਜੇ ਖਾਨ ਨਾ ਹੁੰਦੇ
ਤਾਜ ਨਾ ਹੁੰਦਾ
ਗੁੰਬਦ ਨਾ ਹੁੰਦੇ
ਮਹਿਰਾਬ ਨਾ ਹੁੰਦਾ
ਇਮਾਰਤੀ ਕੁਤਬ
ਮੀਨਾਰ ਨਾ ਹੁੰਦਾ
ਬੁਲੰਦ ਦਰਵਾਜ਼ਾ
ਸ਼ਾਹਕਾਰ ਨਾ ਹੁੰਦਾ
ਲਾਲ ਕਿਲਾ ਨਾ ਹੁੰਦਾ
ਸੁਨਿਹਿਰੀ ਮਸਜਿਦ ਨਾ ਹੁੰਦੀ ।
ਇਹ ਗੁਲੂਕਾਰੀ ਤੇ
ਮੀਨਾਕਾਰੀ ਨਾ ਹੁੰਦੀ
ਤਵਾਰੀਖ਼ ਏ ਹਿੰਦ ਏਨੀ
ਪਿਆਰੀ ਨਾ ਹੁੰਦੀ
ਇਹ ਦਿੱਲੀ ਹੈ ਜੋ ਉਹ ਦਿੱਲੀ ਨਾ ਹੁੰਦੀ
ਲਖਨਊ ਵੀ ਇਹ ਲਖਨਊ ਨਾ ਹੁੰਦਾ
ਇਹ ਆਗਰਾ ਫਤਿਹਪੁਰ ਵੀ
ਅਜਿਹਾ ਨਾ ਹੁੰਦਾ।

ਜੇ ਖਾਨ ਨਾ ਹੁੰਦੇ
ਮੰਟੋ ਨਾ ਹੁੰਦਾ

ਇਕਬਾਲ ਨਾ ਹੁੰਦਾ
ਸਾਹਿਰ ਨਾ ਹੁੰਦਾ
ਰਫੀ ਨਾ ਹੁੰਦਾ
ਕੈਫ਼ੀ ਨਾ ਹੁੰਦਾ
ਜਾਵੇਦ ਨਾ ਹੁੰਦਾ
ਸ਼ਬਾਨਾ ਨਾ ਹੁੰਦੀ
ਤਹਿਜ਼ੀਬ ਏਨੀ
ਸ਼ਹਾਨਾ ਨਾ ਹੁੰਦੀ
ਇਹ ਏਨਾ ਹੁਸੀਨ
ਅਫ਼ਸਾਨਾ ਨਾ ਹੁੰਦੀ।
ਇਰਫਾਨ ਨਾ ਹੁੰਦਾ
ਇਮਰਾਨ ਨਾ ਹੁੰਦਾ
ਆਮਿਰ ਨਾ ਹੁੰਦਾ
ਸਲਮਾਨ ਨਾ ਹੁੰਦਾ
ਨਸਰੂ ਤੇ ਅਬਦੁਲ
ਕਲਾਮਨਾ ਹੁੰਦਾ।
ਜੇ ਖਾਨ ਨਾ ਹੁੰਦੇ

ਜੇ ਇਸਲਾਮ ਨਾ ਹੁੰਦਾ
ਹਿੰਦ ਦਾ ਇਹ
ਮੁਕਾਮ ਨਾ ਹੁੰਦਾ
ਹਿੰਦ ਤੇ ਏਨਾ
ਮਾਣ ਨਾ ਹੁੰਦਾ

# کینسر دی سیاست

کینسر
محض بیماری نہیں
اک سازشی تے ماتمی سیاسی نظریئے والی ویل ہے
جسدیاں جڑھاں 'وائیٹ ہاؤس' وچ ہن
تے پسارا بٹھنڈے دے ٹبیاں تک
جتھوں ہن 'کینسر ریل چلدی ہے۔

کینسر محض بیماری نہیں
اک سوچی سمجھی' پھورڈ-پھیلری'
آڑھتیا سوچ ہے
جو پہلاں دھرتی وچ
کینسر دے بیج پاؤندی ہے
پھر کینسری فصلاں نوں اگن بعد
زہریلی سی این جی کراؤندی ہے

رسائنی مینہ ورھاؤندی ہے
سارے دے سارے رزق پانی نوں
پلیت پلیتالاوندی ہے
تے رزق کھان والے جیواں وچ
کینسر پھیلاؤندی ہے
پہلاں کینسر دے بیجاں وچوں
پھر اسدے علاج وچوں
نفع کماؤندی ہے

کینسر
محض بیماری نہیں
اک سازشی تے ماتمی نکتا نگاہ ہے
اک سوچی سمجھی چال ہے
اک اجیہی کلچن
جو لاشاں دی گنتی ودھاؤندی ہے
تے کفن ویچ کے وی نفع کماؤندی ہے...
ہن کوئی وی بیماری محض بیماری نہیں
بلکہ سرمایہ کاری ہو گئی ہے...

# ਕੈਂਸਰ ਦੀ ਸਿਆਸਤ

ਕੈਂਸਰ
ਮਹਿਜ ਬਿਮਾਰੀ ਨਹੀਂ
ਇੱਕ ਸਾਜ਼ਸ਼ੀ ਤੇ ਮਾਤਮੀ ਸਿਆਸੀ ਨਜ਼ਰੀਏ ਵਾਲੀ ਵੇਲ ਹੈ
ਜਿਸਦੀਆਂ ਜੜ੍ਹਾਂ'ਵਾਈਟਹਾਊਸ' ਵਿੱਚ ਹਨ
ਤੇ ਪਸਾਰਾ ਬਠਿੰਡੇ ਦੇ ਟਿੱਬਿਆਂ ਤੱਕ
ਜਿੱਥੋਂ ਹੁਣ 'ਕੈਂਸਰ ਰੇਲ ਚੱਲਦੀ ਹੈ।

ਕੈਂਸਰ ਮਹਿਜ ਬਿਮਾਰੀ ਨਹੀਂ
ਇੱਕ ਸੋਚੀ ਸਮਝੀ 'ਫੋਰਡ-ਫੈਲਰੀ'
ਆੜ੍ਹਤੀਆ ਸੋਚ ਹੈ
ਜੋ ਪਹਿਲਾਂ ਧਰਤੀ ਵਿੱਚ
ਕੈਂਸਰ ਦੇ ਬੀਜ ਪਾਉਂਦੀ ਹੈ
ਫਿਰ ਕੈਂਸਰੀ ਫਸਲਾਂ ਨੂੰ ਉੱਗਣ ਬਾਅਦ
ਜ਼ਹਰੀਲੀ ਸੇਂਜੀ ਕਰਾਉਂਦੀ ਹੈ
ਰਸਾਇਣੀ ਮੀਂਹ ਵਰ੍ਹਾਉਂਦੀ ਹੈ
ਸਾਰੇ ਦੇ ਸਾਰੇ ਰਿਜ਼ਕ ਪਾਣੀ ਨੂੰ
ਪਲੀਤ ਪਲੀਤਾ ਲਾਉਂਦੀ ਹੈ

ਤੇ ਰਿਜ਼ਕ ਖਾਣ ਵਾਲੇ ਜੀਵਾਂ ਵਿੱਚ
ਕੈਂਸਰ ਫੈਲਾਉਂਦੀ ਹੈ
ਪਹਿਲਾਂ ਕੈਂਸਰ ਦੇ ਬੀਜਾਂ ਵਿੱਚੋਂ
ਫਿਰ ਇਸਦੇ ਇਲਾਜ ਵਿਚੋਂ
ਨਫ਼ਾ ਕਮਾਉਂਦੀ ਹੈ
ਕੈਂਸਰ
ਮਹਿਜ ਬਿਮਾਰੀ ਨਹੀਂ
ਇੱਕ ਸਾਜ਼ਸ਼ੀ ਤੇ ਮਾਤਮੀ ਨੁਕਤਾ ਨਿਗਾਹ ਹੈ
ਇੱਕ ਸੋਚੀ ਸਮਝੀ ਆੜ੍ਹਤੀਆ ਸੋਚ ਹੈ
ਇੱਕ ਅਜਿਹੀ ਕਲਜੋਗਣ
ਜੋ ਲਾਸ਼ਾਂ ਦੀ ਗਿਣਤੀ ਵਧਾਉਂਦੀ ਹੈ
ਤੇ ਕਫ਼ਨ ਵੇਚ ਕੇ ਵੀ ਨਫ਼ਾ ਕਮਾਉਂਦੀ ਹੈ ...
ਹੁਣ ਕੋਈ ਵੀ ਬਿਮਾਰੀ ਮਹਿਜ ਬਿਮਾਰੀ ਨਹੀਂ ਰਹੀ ...

# چٹاچٹ گیا پنجاب دی جوانی

چٹاچٹ گیا پنجاب دی جوانی تے دھرتی نوں کھاداں کھالیا
سبھ نسلاں تے فصلاں نوں آپ ہی ہائے! اساں عملی بنالیا

بانکے گبھروتے چھیل چھبیلے سی پت دریاواں دے
رخ موڑ کے کدے سی رخ دندے جو الٹ ہواواں دے
اوہناں نشیاں دے چکراں 'چ ڈگ کے تے پوراپور ہی گوالیا
چٹاچٹ گیا پنجاب دی جوانی تے دھرتی نوں کھاداں کھالیا...

چلھے بجھ گئے سوے ہی بس بلدے تے پنڈ بے چراغ ہو گئے
بھیناں رکھڑی بنھن نوں ترسن ناراں دے سہاگ کھو گئے
بے خبر تتڑیاں ماواں نے شندے پتاں نوں گوالیا
چٹاچٹ گیا پنجاب دی جوانی تے دھرتی نوں کھاداں کھالیا...

موت وچ کے کھٹی نے جو کھٹدے اوہناں نوں کتے ڈھوء نہ ملے
کالے پانیاں 'چ رڑھ جانن سارے کسے نوں کنسوء نہ ملے
چند سکیاں دے بدلے سارا ایہہ جہناں نے پنجاب کھالیا
چٹاچٹ گیا پنجاب دی جوانی تے دھرتی نوں کھاداں کھالیا...

اساں دھرت سہاوی ساری،ہی نشیاں دی بھیٹ چاڑ ھتی
کجھ کھاد دوائیاں پا کے تے کجھ ناڑ وچ ساڑ تی
پنجاں پانیاں دے دریا سکا کے تے چھیواں نشے داو گالیا...
چٹاچٹ گیا پنجاب دی جوانی تے دھرتی نوں کھاداں کھالیا.

# ਚਿੱਟਾ ਚੱਟ ਗਿਆ ਪੰਜਾਬ ਦੀ ਜਵਾਨੀ

ਚਿੱਟਾ ਚੱਟ ਗਿਆ ਪੰਜਾਬ ਦੀ ਜਵਾਨੀ ਤੇ ਧਰਤੀ ਨੂੰ ਖਾਦਾਂ ਖਾ ਲਿਆ
ਸਭ ਨਸਲਾਂ ਤੇ ਫਸਲਾਂ ਨੂੰ ਆਪ ਹੀ ਹਾਏ !ਅਸਾਂ ਅਮਲੀ ਬਣਾ ਲਿਆ।

ਬਾਂਕੇ ਗੱਭਰੂ ਤੇ ਛੈਲ ਛਬੀਲੇ ਸੀ ਪੁੱਤ ਦਰਿਆਵਾਂ ਦੇ
ਰੁਖ ਮੋੜ ਕੇ ਕਦੇ ਸੀ ਰੱਖ਼ ਦਿੰਦੇ ਜੋ ਉਲਟ ਹਵਾਵਾਂ ਦੇ
ਉਹਨਾਂ ਅਮਲਾਂ ਦੇ ਚਿੱਕੜਾਂ 'ਚ ਡਿੱਗ ਕੇ ਤੇ ਪੂਰਾ ਪੂਰ ਹੀ ਗਵਾ ਲਿਆ
ਚਿੱਟਾ ਚੱਟ ਗਿਆ ਪੰਜਾਬ ਦੀ ਜਵਾਨੀ ਤੇ ਧਰਤੀ ਨੂੰ ਖਾਦਾਂ ਖਾ ਲਿਆ

ਚੁੱਲ੍ਹੇ ਬੁਝਗੇ ਸਿਵੇ ਹੀ ਬਸ ਬਲਦੇ ਤੇ ਪਿੰਡ ਬੇਚਿਰਾਗ ਹੋ ਗਏ
ਭੈਣਾਂ ਰੱਖੜੀ ਬੰਨ੍ਹਣ ਨੂੰ ਤਰਸਣ ਨਾਰਾਂ ਦੇ ਸੁਹਾਗ ਖੋ ਗਏ
ਬੇਖ਼ਬਰ ਤਤੜੀਆਂ ਮਾਵਾਂ ਨੇ ਸ਼ਿੰਦੇ ਪੁੱਤਾਂ ਨੂੰ ਗਵਾ ਲਿਆ
ਚਿੱਟਾ ਚੱਟ ਗਿਆ ਪੰਜਾਬ ਦੀ ਜਵਾਨੀ ਤੇ ਧਰਤੀ ਨੂੰ ਖਾਦਾਂ ਖਾ ਲਿਆ

ਮੌਤ ਵੇਚ ਕੇ ਖੱਟੀ ਨੇ ਜੋ ਖੱਟਦੇ ਉਹਨਾਂ ਨੂੰ ਕਿਤੇ ਢੋਅ ਨਾ ਮਿਲੇ
ਕਾਲੇ ਪਾਣੀਆਂ 'ਚ ਰੁੜ੍ਹ ਜਾਂਣ ਸਾਰੇ ਕਿਸੇ ਨੂੰ ਕਨਸੋਅ ਨਾ ਮਿਲੇ
ਚੰਦ ਸਿੱਕਿਆਂ ਦੇ ਬਦਲੇ ਸਾਰਾ ਇਹ ਜਿਹਨਾਂ ਨੇ ਪੰਜਾਬ ਖਾ ਲਿਆ
ਚਿੱਟਾ ਚੱਟ ਗਿਆ ਪੰਜਾਬ ਦੀ ਜਵਾਨੀ ਤੇ ਧਰਤੀ ਨੂੰ ਖਾਦਾਂ ਖਾ ਲਿਆ

ਅਸਾਂ ਧਰਤ ਸੁਹਾਵੀ ਸਾਰੀ ਹੀ ਨਸ਼ਿਆਂ ਦੀ ਭੇਟ ਚਾੜ੍ਹਤੀ
ਕੁਝ ਖਾਦ ਦਵਾਈਆਂ ਪਾ ਕੇ ਤੇ ਕੁਝ ਨਾੜ ਵਿੱਚ ਸਾੜਤੀ
ਪੰਜਾਂ ਪਾਣੀਆਂ ਦੇ ਦਰਿਆ ਸੁਕਾ ਕੇ ਤੇ ਛੇਵਾਂ ਨਸ਼ੇ ਦਾ ਵਗਾ ਲਿਆ
ਚਿੱਟਾ ਚੱਟ ਗਿਆ ਪੰਜਾਬ ਦੀ ਜਵਾਨੀ ਤੇ ਧਰਤੀ ਨੂੰ ਖਾਦਾਂ ਖਾ ਲਿਆ

# میں بھارت پاکستان میچ نہیں ویکھدا

میں بھارت پاکستان میچ نہیں ویکھدا
کیونکہ ایہہ میچ کھیڈ نہیں جنگ ہندا اے
تے میں جنگ نوں نفرت کر داہاں۔

ایہہ میچ کھیڈ دے میدان 'چ نہیں
جنگ دے میدان 'چ کھیڈیا جاندا اے
کھیڈیاوی کیہ باقائدہ لڑیا جاندا اے

ایہہ میچ بھارت پاکستان ٹیماں نہیں
فوجاں کھیڈ دیاں نے
کھیڈ وچ گیند نہیں سٹی جاندی
توپ دے گولے داگے جاندے نے
کدے لاہور تے کدے کراچی کدے پشور' تے
کدے امبرسر کدے امبالے کدے پھلور' تے۔

ایہہ میچ کھیڈ دیاں ٹیماں نہیں
فوجاں کھیڈ دیاں نے
تے کھیڈ داٹاس سٹن توں پہلاں
سمے دیاں سوئیاں نوں پٹھا گیڑ ادے کے
کدے سنتالی کدے پینٹھ تے کدے کہتر
دے ہلیاں حملیاں
کالے گھلوکاریاں دے سمے تے لجایا جاندا اے
میں تاں ایہناں ہلیاں حملیاں دے،
کالے کارنامے

سپنے 'چ وی ویکھ کے
تربھک کے اٹھ بہنداہاں
پھر ایہہ میچ میں کویں ویکھ سکداہاں
ایہہ میچ کھیڈ دیاں ٹیماں نہیں
فوجاں کھیڈ دیاں
دوہاں دیساں دے لوکاں نوں
اس جنگی کھیڈ لئی

اکسایا جاندا اے
لڑایا جاندا اے

بڑاالوکارا میچ ہندا ہے ایہہ
جتھے سہن شیلتا سانجھ شانتی دی بجائے
ویر ورودھ دی دھاک ہندی ہے
جتھے امن دا پرچم بلند ہون دی تھاں
نفرت دیاں تاڑیاں وجدیاں ہن
ایہہ میچ سرحداں وچلی نو مین لینڈ
تے کھیڈیا جاندا ہے
تے ایہہ میچ ہر وار
لوکاں دے مناں وچ اک ہور
واہگا بنا دھر دا ہے
اس لئی میں ایہہ میچ نہیں ویکھدا
ایہہ میچ کھیڈ نہیں جنگ ہندی ہے
میں جنگ نوں نفرت کر داں ہاں

# ਮੈਂ ਭਾਰਤ ਪਾਕਿਸਤਾਨ ਮੈਚ ਨਹੀ ਵੇਖਦਾ

ਮੈਂ ਭਾਰਤ ਪਾਕਿਸਤਾਨ ਮੈਚ ਨਹੀ ਵੇਖਦਾ
ਕਿਉਂਕਿ ਇਹ ਮੈਚ ਖੇਡ ਨਹੀ ਜੰਗ ਹੁੰਦਾ ਹੈ
ਤੇ ਮੈਂ ਜੰਗ ਨੂੰ ਨਫਰਤ ਕਰਦਾ ਹਾਂ।

ਇਹ ਮੈਚ ਖੇਡ ਦੇ ਮੈਦਾਨ 'ਚ ਨਹੀ
ਜੰਗ ਦੇ ਮੈਦਾਨ 'ਚ ਖੇਡਿਆ ਜਾਂਦਾ ਹੈ
ਖੇਡਿਆ ਵੀ ਕੀ ਬਕਾਇਦਾ ਲੜਿਆ ਜਾਂਦਾ ਹੈ।

ਇਹ ਮੈਚ ਭਾਰਤ ਪਾਕਿਸਤਾਨ ਟੀਮਾਂ ਨਹੀ
ਫੌਜਾਂ ਖੇਡਦੀਆਂ ਨੇ
ਖੇਡ ਵਿੱਚ ਗੇਂਦ ਨਹੀਂ ਸੁੱਟੀ ਜਾਂਦੀ
ਤੋਪ ਦੇ ਗੋਲੇ ਦਾਗੇ ਜਾਦੇ ਨੇ
ਕਦੇ ਲਾਹੌਰ ਤੇ ਕਦੇ ਕਰਾਚੀ ਕਦੇ ਪਿਸ਼ੌਰ 'ਤੇ
ਕਦੇ ਅੰਬਰਸਰ ਕਦੇ ਅੰਬਾਲੇ ਕਦੇ ਫਿਲੌਰ 'ਤੇ।

ਇਹ ਮੈਚ ਖੇਡ ਦੀਆਂ ਟੀਮਾਂ ਨਹੀਂ
ਫੌਜਾਂ ਖੇਡਦੀਆਂ ਨੇ
ਤੇ ਖੇਡ ਦਾ ਟਾਸ ਸੁੱਟਣ ਤੋਂ ਪਹਿਲਾਂ
ਸਮੇ ਦੀਆਂ ਸੂਈਆਂ ਨੂੰ ਪੁੱਠਾ ਗੇੜਾ ਦੇ ਕੇ
ਕਦੇ ਸੰਤਾਲੀ ਕਦੇ ਪੈਂਹਠ ਤੇ ਕਦੇ ਕਹੱਤਰ
ਦੇ ਹੱਲਿਆਂ ਹਮਲਿਆਂ

ਕਾਲੇ ਘੱਲੂਕਾਰਿਆਂ ਦੇ ਸਮੇ ਤੇ ਲਿਜਾਇਆ ਜਾਂਦਾ ਹੈ
ਮੈਂ ਤਾਂ ਇਹਨਾ ਹੱਲਿਆਂ ਹਮਲਿਆਂ ਦੇ ,
ਕਾਲੇ ਕਾਰਨਾਮੇ
ਸੁਪਨੇ 'ਚ ਵੀ ਵੇਖ ਕੇ
ਤ੍ਰਭਕ ਕੇ ਉੱਠ ਬਹਿੰਦਾ ਹਾਂ
ਫਿਰ ਇਹ ਮੈਚ ਮੈਂ ਕਿਵੇਂ ਵੇਖ ਸਕਦਾ ਹਾਂ
ਇਹ ਮੈਚ ਖੇਡ ਦੀਆਂ ਟੀਮਾਂ ਨਹੀਂ
ਫੌਜਾਂ ਖੇਡਦੀਆਂ
ਦੋਹਾਂ ਦੇਸਾਂ ਦੇ ਲੋਕਾਂ ਨੂੰ
ਇਸ ਜੰਗੀ ਖੇਡ ਲਈ
ਉਕਸਾਇਆ ਜਾਂਦਾ ਹੈ
ਲੜਾਇਆ ਜਾਂਦਾ ਹੈ ।

ਬੜਾ ਅਲੋਕਰਾ ਮੈਚ ਹੁੰਦਾ ਹੈ ਇਹ
ਜਿਥੇ ਸਹਿਣਸ਼ੀਲਤਾ ਸਾਂਝ ਸ਼ਾਤੀ ਦੀ ਬਜਾਏ
ਵੈਰ ਵਿਰੋਧ ਦੀ ਧਾਕ ਹੁੰਦੀ ਹੈ
ਜਿਥੇ ਅਮਨ ਦਾ ਪਰਚਮ ਬੁਲੰਦ ਹੋਣ ਦੀ ਥਾਂ
ਨਫਰਤ ਦੀਆਂ ਤਾੜੀਆਂ ਵਜਦੀਆਂ ਹਨ
ਇਹ ਮੈਚ ਸਰਹੱਦਾਂ ਵਿਚਲੀ ਨੋ ਮੈਂਨ ਲੈਂਡ
ਤੇ ਖੇਡਿਆ ਜਾਂਦਾ ਹੈ
ਤੇ ਇਹ ਮੈਚ ਹਰ ਵਾਰ
ਲੋਕਾਂ ਦੇ ਮਨਾ ਵਿੱਚ ਇੱਕ ਹੋਰ
ਵਾਹਗਾ ਬਣਾ ਧਰਦਾ ਹੈ
ਇਸ ਲਈ ਮੈਂ ਇਹ ਮੈਚ ਨਹੀਂ ਵੇਖਦਾ
ਇਹ ਮੈਚ ਖੇਡ ਨਹੀਂ ਜੰਗ ਹੁੰਦੀ ਹੈ
ਮੈਂ ਜੰਗ ਨੂੰ ਨਫਰਤ ਕਰਦਾਂ ਹਾਂ

# سانجھاں دے سانجھے ترانے ہی گایئے

ایہہ واہگا جے آپاں بنا ہی لیا ہے
ونڈاں دا ناٹک رچا ہی لیا ہے
تے جنگاں دا تانڈو وی کرا لیا ہے
ایہہ ہن تے نہ ناٹک روز رچایئے
ایہہ جنگاں دا تانڈو نہ روز کرایئے
نہ واہگے تے روز ہی نفرت وکھایئے
دلی لاہور پھلور پشور نوں
روز نہ شامیں سنتالی پہنچایئے
وڈیاں کدے چھوٹی گل جو کیتی
بچیاں نوں روز نہ یاد کرایئے
اپنے ہی اجڑے ہوئے گھر دے تھیہ دی
نہ اپنے ہی سر گھٹر کھیہ پایئے
ایہہ کرتوت کالی تواریخ والی
چھپایئے تے نہ کہ وکھالے ایہہ پایئے
توں آکھیں تے آپاں پھر اک ہو جایئے

واہگے محبت دے بوٹے اگا ئیے
ایہہ آتش دی بازی نوں چھڈ کے تے مل کے
بچیاں دے نال پتنگاں اڈا ئیے
اڈدے کبوتر جو حد اں نوں ٹپ کے
اوہ بالاں نوں اپنے لے جا کے وکھا ئیے
لڑدے جو ککڑ نے کلغیاں والے
اوتھے جو روز ہی بند کرا ئیے
وطن پیارے ہندے نے سبھ نوں
قومی ترانے وی حب حب گا ئیے
چندہ تے تارہ ترنگا پیارا
ایہہ دوویں ہی پیاراں دے نال چڑھا ئیے
بارو داں کھرو داں دی اس تھاں دے اتے
محبت پیاراں دے نغمے ہی گا ئیے
ایہہ بلے دی دھرتی ایہہ دلے دی دھرتی
ایہہ دھرتی ایہہ مٹی نہ میلی کرا ئیے
لیاؤ چمبیلی تے مروآ موتیا
کنڈیاں نوں وڈھ ایہہ پھل اگا ئیے
نویں نسل نوں نویں فصل ایہہ
خشبوئیاں والی بھیٹا کرا ئیے
ونڈاں دی تھاں ہن واہگے دے اتے
سانجھاں دے سانجھے ترانے ہی گا ئیے

# ਸਾਂਝਾਂ ਦੇ ਸਾਂਝੇ ਤਰਾਨੇ ਹੀ ਗਾਈਏ

ਇਹ ਵਾਹਗਾ ਜੇ ਆਪਾਂ ਬਣਾ ਹੀ ਲਿਆ ਹੈ
ਵੰਡਾਂ ਦਾ ਨਾਟਕ ਰਚਾ ਹੀ ਲਿਆ ਹੈ
ਤੇ ਜੰਗਾਂ ਦਾ ਤਾਂਡਵ ਵੀ ਕਰਾ ਲਿਆ ਹੈ
ਇਹ ਹੁਣ ਤੇ ਨਾ ਨਾਟਕ ਰੋਜ਼ ਰਚਾਈਏ
ਇਹ ਜੰਗਾਂ ਦਾ ਤਾਂਡਵ ਨਾ ਰੋਜ ਕਰਾਈਏ
ਨਾ ਵਾਹਗੇ ਤੇ ਰੋਜ਼ ਹੀ ਨਫਰਤ ਵਿਖਾਈਏ
ਦਿੱਲੀ ਲਾਹੌਰ ਫਿਲੌਰ ਪਿਸ਼ੌਰ ਨੂੰ
ਰੋਜ ਨਾ ਸ਼ਾਮੀਂ ਸੰਤਾਲੀ ਪਹੁੰਚਾਈਏ
ਵੱਡਿਆਂ ਕਦੇ ਛੋਟੀ ਗੱਲ ਜੋ ਕੀਤੀ
ਬੱਚਿਆਂ ਨੂੰ ਰੋਜ ਨਾ ਯਾਦ ਕਰਾਈਏ
ਆਪਣੇ ਹੀ ਉਜੜੇ ਹੋਏ ਘਰ ਦੇ ਥੇਹ ਦੀ
ਨਾ ਆਪਣੇ ਹੀ ਸਿਰ ਕੁੱਕੜ-ਖੇਹ ਪਾਈਏ
ਇਹ ਕਰਤੂਤ ਕਾਲੀ ਤਵਾਰੀਖ ਵਾਲੀ
ਛੁਪਾਈਏ ਤੇ ਨਾ ਕਿ ਵਿਖਾਲੇ ਇਹ ਪਾਈਏ
ਤੂੰ ਆ ਖਾਂ ਤੇ ਆਪਾਂ ਫਿਰ ਇੱਕ ਹੋ ਜਾਈਏ

ਵਾਹਗੇ ਮੁਹੱਬਤ ਦੇ ਬੂਟੇ ਉਗਾਈਏ
ਇਹ ਆਤਿਸ਼ ਦੀ ਬਾਜ਼ੀ ਨੂੰ ਤਜ ਕੇ ਤੇ ਮਿਲ ਕੇ
ਬੱਚਿਆਂ ਦੇ ਨਾਲ ਪਤੰਗਾਂ ਉਡਾਈਏ
ਉੱਡਦੇ ਕਬੂਤਰ ਜੋ ਹੱਦਾਂ ਨੂੰ ਟੱਪ ਕੇ
ਉਹ ਬਾਲਾਂ ਨੂੰ ਆਪਣੇ ਲਿਜਾ ਕੇ ਵਿਖਾਈਏ
ਲੜਦੇ ਜੋ ਕੁੱਕੜ ਨੇ ਕਲਗੀਆਂ ਵਾਲੇ
ਉੱਥੇ ਜੋ ਰੋਜ਼ ਹੀ ਬੰਦ ਕਰਾਈਏ
ਵਤਨ ਪਿਆਰੇ ਹੁੰਦੇ ਨੇ ਸਭ ਨੂੰ
ਕੌਮੀ ਤਰਾਨੇ ਵੀ ਹੁੱਬ ਹੁੱਬ ਗਾਈਏ
ਚੰਦਾ ਤੇ ਤਾਰਾ ਤਿਰੰਗਾ ਪਿਆਰਾ
ਇਹ ਦੋਵੇਂ ਹੀ ਪਿਆਰਾਂ ਦੇ ਨਾਲ ਚੜ੍ਹਾਈਏ
ਬਾਰੂਦਾਂ ਖਰੂਦਾਂ ਦੀ ਥਾਂ ਪਰ ਇਸ ਥਾਂ ਦੇ ਉੱਤੇ
ਮੁਹੱਬਤ ਪਿਆਰਾਂ ਦੇ ਨਗਮੇ ਹੀ ਗਾਈਏ
ਇਹ ਬੁੱਲੇ ਦੀ ਧਰਤੀ ਇਹ ਦੁੱਲੇ ਦੀ ਧਰਤੀ
ਇਹ ਧਰਤੀ ਇਹ ਮਿੱਟੀ ਨਾ ਮੈਲੀ ਕਰਾਈਏ
ਲਿਆਓ ਚਮੇਲੀ ਤੇ ਮਰੂਆ ਮੋਤੀਆ
ਕੰਡਿਆਂ ਨੂੰ ਵੱਢ ਇਹ ਫੁੱਲ ਉਗਾਈਏ
ਨਵੀਂ ਨਸਲ ਨੂੰ ਨਵੀਂ ਫਸਲ ਇਹ
ਖੁਸ਼ਬੋਈਆਂ ਵਾਲੀ ਭੇਟਾ ਕਰਾਈਏ
ਵੰਡਾਂ ਦੀ ਥਾਂ ਹੁਣ ਵਾਹਗੇ ਦੇ ਉੱਤੇ
ਸਾਂਝਾਂ ਦੇ ਸਾਂਝੇ ਤਰਾਨੇ ਹੀ ਗਾਈਏ ।

# پنجاب جغرافیے دی لکیر نہیں

پنجاب
جگرافیے دی
کوئی لکیر نہیں
پنجاب تاں مٹی دے
خمیر وچوں مولدی
خون دی تاثیر ہے
مٹی
جس وچوں ان اگدا ہے
اَن جو خون 'چ رچدا ہے....

خون
جس وچ
صدق وی ہی ہے
سڑ وی
سوچ وی
ہوش وی
جوش وی...

ایہہ خون
جدوں ابالا ماردا ہے
تاں سمے دے
سکندراں
بابراں
اکبراں
نوں ونگاردا ہے
ابدالیاں
نوں للکاردا ہے

پنجاب
مٹی دے
خمیر وچوں مولدی
خون دی تاثیر ہے
مٹی
جس وچوں ان اگدا ہے
ان جو خون 'چ رچیدا ہے....

# ਪੰਜਾਬ ਜੁਗਰਾਫੀਏ ਦੀ ਲਕੀਰ ਨਹੀਂ

ਪੰਜਾਬ
ਜੁਗਰਾਫ਼ੀਏ ਦੀ
ਕੋਈ ਲਕੀਰ ਨਹੀਂ
ਪੰਜਾਬ ਤਾਂ ਮਿੱਟੀ ਦੇ
ਖ਼ਮੀਰ ਵਿਚੋਂ ਮੌਲਦੀ
ਖ਼ੂਨ ਦੀ ਤਾਸੀਰ ਹੈ
ਮਿੱਟੀ
ਜਿਸ ਵਿਚੋਂ ਅੰਨ ਉੱਗਦਾ ਹੈ
ਅੰਨ
ਜੋ ਖ਼ੂਨ 'ਚ ਰਚਦਾ ਹੈ ....

ਖ਼ੂਨ
ਜਿਸ ਵਿੱਚ
ਸਿਦਕ ਵੀ ਹੀ ਹੈ
ਸਿਰੜ ਵੀ
ਸੋਚ ਵੀ
ਹੋਸ਼ ਵੀ

ਜੋਸ਼ ਵੀ ...

ਇਹ ਖ਼ੂਨ
ਜਦੋਂ ਉਬਾਲਾ ਮਾਰਦਾ ਹੈ
ਤਾਂ ਸਮੇ ਦੇ
ਸਿਕੰਦਰਾਂ
ਬਾਬਰਾਂ
ਅਕਬਰਾਂ
ਨੂੰ ਵੰਗਾਰਦਾ ਹੈ
ਅਬਦਾਲੀਆਂ
ਨੂੰ ਲਲਕਾਰਦਾ ਹੈ

ਪੰਜਾਬ
ਮਿੱਟੀ ਦੇ
ਖ਼ਮੀਰ ਵਿਚੋਂ ਮੌਲਦੀ
ਖ਼ੂਨ ਦੀ ਤਾਸੀਰ ਹੈ
ਮਿੱਟੀ
ਜਿਸ ਵਿਚੋਂ ਅੰਨ ਉੱਗਦਾ ਹੈ
ਅੰਨ ਜੋ ਖ਼ੂਨ 'ਚ ਰਚਦਾ ਹੈ....

# پنڈوں ماں آئی ہے

پنڈوں ماں آئی ہے
میرے شہری بچے سوچدے نے
کیہ سوغات لیائی ہے
بچے ماں دے اپنے ہتھ نال کڈھے
مور نیاں دی کڈھائی والے جھولے وچوں
چاکلیٹ، بسکٹ، ٹافیاں بھالدے نے
پر مینوں تاں ماداہتھ نال کڈھیا
مور نیاں دی کڈھائی والا جھولا ہی
اک عجیب، نایاب سوغات لگدی ہے
پنڈوں ماں آئی ہے
بچے سوچدے نے کیہ سوغات لیائی ہے
کوئی آئی پوڈ، کوئی کارٹون کمپیوٹر گیم
میری ماں نوں تاں ایہناں دا کجھ وی پتہ نہیں
پرمے سوچداں

ماولوں شام نوں بچیاں نوں سنائی 'چڑی اتے کاں' دی بات

ادوتی سوغات ہے

اج ماں پنڈ چلی ہے

میں اوسنوں تورن گیا اوسدے پیری ہتھ لاؤندا ہاں

اوہ مینو اتے بچیاں نو اسیس دندی ہے

میری بیٹی مینوں پچھدی ہے

پاپا
تسیں بلوان ہو جوان ہو

پھر وی بڈھی دادی اگے جھک کے پیری ہتھ کیوں لاؤندے ہو

میں آکھدا اسیس لین لئی

اوہ مینوں اسیس دے ارتھ پچھدی ہے

میں اوسنوں اسیس دے ارتھ دسداہاں

اوہ ضد کردی ہے پاپا تسیں مینوں وی اسیس دیوو

میں اوسنوں اپنے دھر اندروں اسیس دیندا

"توں وی وراثت اتے مات بھاشا پکھوں

میری ماں جنی امیر بنے

تے اج جدوں ساراعالم ہی اک پنڈ بن چکا ہے

اوس وچ اپنے ورثے تے مات بھاشا نو محفوظ رکھیں

تے ایہی اسیس

توں اپنے بچیاں نو دین جوگی ہوویں...."

# ਪਿੰਡੋਂ ਮਾ ਆਈ ਹੈ

ਪਿੰਡੋਂ ਮਾ ਆਈ ਹੈ
ਮੇਰੇ ਸ਼ਹਿਰੀ ਬੱਚੇ ਸੋਚਦੇ ਨੇ
ਕੀ ਸੌਗਾਤ ਲਿਆਈ ਹੈ
ਬੱਚੇ ਮਾ ਦੇ ਆਪਣੇ ਹੱਥ ਨਾਲ ਕੱਢੇ
ਮੋਰਨੀਆਂ ਦੀ ਕਢਾਈ ਵਾਲੇ ਝੋਲੇ ਵਿੱਚੋਂ
ਚਾਕਲੇਟ , ਬਿਸਕੁਟ , ਟਾਫੀਆਂ ਭਾਲਦੇ ਨੇ
ਪਰ ਮੈਨੂੰ ਤਾਂ ਮਾ ਦਾ ਹੱਥ ਨਾਲ ਕੱਢਿਆ
ਮੋਰਨੀਆਂ ਦੀ ਕਢਾਈ ਵਾਲਾ ਝੋਲਾ ਹੀ
ਇੱਕ ਅਧਭੁਤ , ਦੁਰਲਭ ਸੌਗਾਤ ਲਗਦਾ ਹੈ .
ਪਿੰਡੋਂ ਮਾ ਆਈ ਹੈ
ਬੱਚੇ ਸੋਚਦੇ ਨੇ ਕੀ ਸੌਗਾਤ ਲਿਆਈ ਹੈ
ਕੋਈ ਆਈ-ਪੋਡ, ਕੋਈ ਕਾਰਟੂਨ ਕੰਪਿਊਟਰ ਗੇਮ
ਮੇਰੀ ਮਾਂ ਨੂੰ ਤਾਂ ਇਹਨਾ ਦਾ ਕੁਝ ਵੀ ਪਤਾ ਨਹੀ
ਪਰ ਮੈ ਸੋਚਦਾਂ
ਮਾਂ ਵੱਲੋ ਸ਼ਾਮ ਨੂੰ ਬੱਚਿਆਂ ਨੂੰ ਸੁਣਾਈ 'ਚਿੜੀ ਅਤੇ ਕਾਂ 'ਦੀ ਬਾਤ
ਅਦੁੱਤੀ ਸੁਗਾਤ ਹੈ .

ਅੱਜ ਮਾਂ ਪਿੰਡ ਚੱਲੀ ਹੈ
ਮੈ ਉਸਨੂੰ ਤੋਰਨ ਗਿਆ ਉਸਦੇ ਪੈਰੀਂ ਹੱਥ ਲਾਉਂਦਾ ਹਾਂ
ਉਹ ਮੈਨੂੰ ਅਤੇ ਬੱਚਿਆਂ ਨੂੰ ਅਸੀਸ ਦਿੰਦੀ ਹੈ
ਮੇਰੀ ਬੇਟੀ ਮੈਨੂ ਪੁੱਛਦੀ ਹੈ ਪਾਪਾ ਤੁਸੀਂ ਬਲਵਾਨ ਹੋ ਜਵਾਨ ਹੋ
ਫਿਰ ਵੀ ਬੁੱਢੀ ਦਾਦੀ ਅੱਗੇ ਝੁਕ ਕੇ ਪੈਰੀਂ ਹੱਥ ਕਿਉਂ ਲਾਉਂਦੇ ਹੋ
ਮੈ ਕਹਿਨਾ ਅਸੀਸ ਲੈਣ ਲਈ
ਉਹ ਮੈਨੂੰ ਅਸੀਸ ਦੇ ਅਰਥ ਪੁੱਛਦੀ ਹੈ
ਮੈ ਉਸਨੂੰ ਅਸੀਸ ਦੇ ਅਰਥ ਦਸਦਾ ਹਾਂ
ਉਹ ਜਿੱਦ ਕਰਦੀ ਹੈ ਪਾਪਾ ਤੁਸੀਂ ਮੈਨੂੰ ਵੀ ਅਸੀਸ ਦੇਵੋ
ਮੈ ਉਸਨੂੰ ਆਪਣੇ ਧੁਰ ਅੰਦਰੋਂ ਅਸੀਸ ਦਿੰਦਾ ਹਾਂ
"ਤੂੰ ਵੀ ਵਿਰਾਸਤ ਅਤੇ ਮਾਤ ਭਾਸ਼ਾ ਪੱਖੋਂ
ਮੇਰੀ ਮਾਂ ਜਿਨੀ ਅਮੀਰ ਬਣੇਂ
ਤੇ ਅੱਜ ਜਦੋਂ ਸਾਰਾ ਵਿਸ਼ਵ ਹੀ ਇੱਕ ਪਿੰਡ ਬਣ ਚੁੱਕਾ ਹੈ
ਉਸ ਵਿਚ ਆਪਣੇ ਵਿਰਸੇ ਤੇ ਮਾਤ ਭਾਸ਼ਾ ਨੂੰ ਮਹਿਫੂਜ਼ ਰੱਖੇਂ
ਤੇ ਇਹੀ ਅਸੀਸ
ਤੂੰ ਆਪਣੇ ਬਚਿਆਂ ਨੂ ਦੇਣ ਜੋਗੀ ਹੋਵੇਂ "....

# اصلی کوہ نور-صوفیہ دلیپ سنگھ

اوہ شیرے پنجاب دی پوتی
شیراں ورگاہی دستور
ناری غیرت دی رکھوالی
ہوئی عالم وچ مشہور
دلیپ سنگھ شاہزادے دیتے
ماں بامبادی لاڈ دلاری
لنڈن دے وچ پیدا ہوئی
ناریاں دی آواز ایہہ ناری
ڈبیاسورج سی جداوڑک
دیس پنجاب دے راج دا
جلاوطن شہزادا کیتا
کھلیادرعذاب دا
ماں پتر دا پیا وچھوڑا
جنداں دی جندسولی ٹنگی
پتر کھوہکے لنڈ نلے گئے
کیہ سی چلی چال فرنگی

کناکجھ سی کھوہلیا
جگر دے ٹکڑے نال
تلوارڈھال دستار کھوہ لئ
دھرم کھولیا چلکے چال
چانن داپہاڑ کھوہلیا

ہیرا کوہ نور
جیتو راجے سدا ہی چالاں
چلدے آئے کوڑ کرور
کوہ نور تاں اک پتھر سی
جو پنجاب توں ہو گیا دور
پر اک ملی سی دات ادتی
صوفیہ اصلی کوہ نور
اس حوا دی بیٹی بن کے

آدم پتر اس نوں سمجھایا
جس ناری نے ککھوں جمیا
اسداہی حق کیوں مروایا
مردہی کیوں سنگھاسن اتے
سداہی بیٹھن دے حقدار
کیوں کوئی عورت ہو نہیں سکدی
مرداں دی اعلیٰ سردار

سارے ہاہاکار مچ گئی
عالم وچ دہائی
ایہہ انہونی گل بھلا کیوں
ناری دے من آئی
ناری تاں اک تن ہندی ہے
من کتھوں لے آئی
جے ناری وی من لے آئی
کدھرے آ نہ جائے تباہی

رات نوں عورت پوری ہندی
دن وچ ہووے ادھوری
جس نے جمیا اس نوں بھنڈدے
مرداں دی مغروری
اوہ جھانسی دی رانی دوجی
ناری دی آزادی دی
پنج آباں دی جائی سی اوہ
کوہ نور شہزادی سی

# ਅਸਲੀ ਕੋਹਿਨੂਰ - ਸੋਫੀਆ ਦਲੀਪ ਸਿੰਘ

ਉਹ ਸ਼ੇਰੇ ਪੰਜਾਬ ਦੀ ਪੋਤੀ
ਸ਼ੇਰਾਂ ਵਰਗਾ ਹੀ ਦਸਤੂਰ
ਨਾਰੀ ਗੈਰਤ ਦੀ ਰਖਵਾਲੀ
ਹੋਈ ਆਲਮ ਵਿੱਚ ਮਸ਼ਹੂਰ
ਦਲੀਪ ਸਿੰਘ ਸ਼ਾਹਜ਼ਾਦੇ ਦੀ ਤੇ
ਮਾਂ ਬਾਂਬਾ ਦੀ ਲਾਡ ਦੁਲਾਰੀ
ਲੰਡਨ ਦੇ ਵਿੱਚ ਪੈਦਾ ਹੋਈ
ਨਾਰੀਆਂ ਦੀ ਆਵਾਜ਼ ਇਹ ਨਾਰੀ
ਡੁੱਬਿਆ ਸੂਰਜ ਸੀ ਜਦ ਓੜਕ
ਦੇਸ ਪੰਜਾਬ ਦੇ ਰਾਜ ਦਾ
ਜਲਾਵਤਨ ਸ਼ਹਜ਼ਾਦਾ ਕੀਤਾ
ਖੁੱਲਿਆ ਦਰ ਅਜ਼ਾਬ ਦਾ
ਮਾਂ ਪੁੱਤਰ ਦਾ ਪਿਆ ਵਿਛੋੜਾ
ਜਿੰਦਾਂ ਦੀ ਜਿੰਦ ਸੂਲੀ ਟੰਗੀ
ਪੁੱਤਰ ਖੋਹ ਕੇ ਲੰਡਨ ਲੈ ਗਏ
ਕੈਸੀ ਚੱਲੀ ਚਾਲ ਫਰੰਗੀ

ਕਿੰਨਾ ਕੁਝ ਸੀ ਖੋਹ ਲਿਆ
ਜਿਗਰ ਦੇ ਟੁਕੜੇ ਨਾਲ
ਤਲਵਾਰ ਢਾਲ ਦਸਤਾਰ ਖੋਹ ਲਈ
ਧਰਮ ਖੋਹ ਲਿਆ ਚੱਲ ਕੇ ਚਾਲ
ਚਾਨਣ ਦਾ ਪਹਾੜ ਖੋਹ ਲਿਆ
ਹੀਰਾ ਕੋਹਿਨੂਰ
ਜੇਤੂ ਰਾਜੇ ਸਦਾ ਹੀ ਚਾਲਾਂ
ਚਲਦੇ ਆਏ ਕੂੜ ਕਰੂਰ
ਕੋਹਿਨੂਰ ਤਾਂ ਇੱਕ ਪੱਥਰ ਸੀ
ਜੋ ਪੰਜਾਬ ਤੋਂ ਹੋ ਗਿਆ ਦੂਰ
ਪਰ ਇੱਕ ਮਿਲੀ ਸੀ ਦਾਤ ਅਦੁੱਤੀ
ਸੋਫ਼ੀਆ ਅਸਲੀ ਕੋਹਿਨੂਰ
ਉਸ ਹੱਵਾ ਦੀ ਬੇਟੀ ਬਣਕੇ

ਆਦਮ ਪੁੱਤਰਾਂ ਨੂੰ ਸਮਝਾਇਆ
ਜਿਸ ਨਾਰੀ ਨੇ ਕੁੱਖੋਂ ਜੰਮਿਆ
ਉਸਦਾ ਹੀ ਹੱਕ ਕਿਉਂ ਮਰਵਾਇਆ
ਮਰਦ ਹੀ ਕਿਓਂ ਸਿੰਘਾਸਨ ਉੱਤੇ
ਸਦਾ ਹੀ ਬੈਠਣ ਦੇ ਹੱਕਦਾਰ
ਕਿਓਂ ਕੋਈ ਔਰਤ ਹੋ ਨਹੀਂ ਸਕਦੀ
ਮਰਦਾਂ ਦੀ ਆਹਲਾ ਸਰਦਾਰ
ਸਾਰੇ ਹਾਹਾਕਾਰ ਮੱਚ ਗਈ
ਆਲਮ ਵਿੱਚ ਦੁਹਾਈ

ਇਹ ਅਣਹੋਣੀ ਗੱਲ ਭਲਾ ਕਿਓਂ
ਨਾਰੀ ਦੇ ਮਨ ਆਈ
ਨਾਰੀ ਤਾਂ ਇੱਕ ਤਨ ਹੁੰਦੀ ਹੈ
ਮਨ ਕਿਥੋਂ ਲੈ ਆਈ
ਜੇ ਨਾਰੀ ਵੀ ਮਨ ਲੈ ਆਈ
ਕਿਧਰੇ ਆ ਨਾ ਜਾਏ ਤਬਾਹੀ
ਰਾਤ ਨੂੰ ਔਰਤ ਪੂਰੀ ਹੁੰਦੀ
ਦਿਨ ਵਿੱਚ ਹੋਵੇ ਅਧੂਰੀ
ਜਿਸਨੇ ਜੰਮਿਆ ਉਸਨੂੰ ਭੰਡਦੇ
ਮਰਦਾਂ ਦੀ ਮਗਰੂਰੀ
ਉਹ ਝਾਂਸੀ ਦੀ ਰਾਣੀ ਦੂਜੀ
ਨਾਰੀ ਦੀ ਆਜ਼ਾਦੀ ਦੀ
ਪੰਜ ਆਬਾਂ ਦੀ ਜਾਈ ਸੀ ਉਹ
ਕੋਹਿਨੂਰ - ਸ਼ਹਿਜ਼ਾਦੀ ਸੀ

## مسے دانے

پنج آباں دے جائے پنجابی ہیے رانے ہاں
وکھ وکھ نسلاں فصلاں دے اسیں مسے دانے ہاں

کنکاں دے رنگ ورگے ہاں کجھ سکے بھورے ہاں
رام محمد سنگھ ہی رلکے بندے پورے ہاں
دین دکھی دی اوٹ اتے اڈوائراں لئی جروانے ہاں
وکھ وکھ نسلاں فصلاں دے اسیں مسے دانے ہاں

نانک، شیخ تعمیر اساڈی میاں میر بنیاد
مڈھ قدیمی تواریخ جو 'سپت سندھ' وچ ہوئی آباد
اسیں ہڑپا دے کھنڈراں توں ودھ پرانے ہاں
وکھ وکھ نسلاں فصلاں دے اسیں مسے دانے ہاں

کوئی نہ دِپریارا باہرا سبھ ہمسائے ہاں
ہندو مسلم سکھ 'پنجابی' ماں دے جائے ہاں
دلّھے تے بلّھے دے وارث جاندے جانے ہاں
وکھ وکھ نسلاں فصلاں دے اسیں مسے دانے ہاں

ستناجے دے وانگوں جاتاں گوت قبیلے نے
جاں جیوں پھل گلابی تے کجھ کالے پیلے نے
اِکو نور توں اپجے بھاویں بھن بھن بانے ہاں
وکھ وکھ نسلاں فصلاں دے اسیں مسے دانے ہاں

دریاواں جیہی تور اساڈی تے البیلے ہاں
اسیں تاں رب دے نال وی لکن میچی کھیلے ہاں
ہر جابر توں نابر ہون لئی گئے پچھانے ہاں
وکھ وکھ نسلاں فصلاں دے اسیں مسے دانے ہاں

جویں ندین وی اگ پیندے نے نال ہی فصلاں دے
فٹ وی کدھرے فٹ پیندی آپس وچ نسلاں دے
کنج بچاؤنی فصل جاندے سگھڑ سیانے ہاں
وکھ وکھ نسلاں فصلاں دے اسیں مسے دانے ہاں

# ਮਿੱਸੇ ਦਾਣੇ

ਪੰਜ ਆਬਾਂ ਦੇ ਜਾਏ ਪੰਜਾਬੀ ਬੀਬੇ ਰਾਣੇ ਹਾਂ
ਵੱਖ਼ ਵੱਖ਼ ਨਸਲਾਂ ਫਸਲਾਂ ਦੇ ਅਸੀਂ ਮਿੱਸੇ ਦਾਣੇ ਹਾਂ ...

ਕਣਕਾਂ ਦੇ ਰੰਗ ਵਰਗੇ ਹਾਂ ਕੁਝ ਕੱਕੇ ਭੂਰੇ ਹਾਂ
ਰਾਮ ਮੁਹਮੰਦ ਸਿੰਘ ਹੀ ਰਲਕੇ ਬਣਦੇ ਪੂਰੇ ਹਾਂ
ਦੀਨ ਦੁਖੀ ਦੀ ਓਟ ਅਤੇ ਅਡਵਾਇਰਾਂ ਲਈ ਜਰਵਾਣੇ ਹਾਂ
ਵੱਖ਼ ਵੱਖ਼ ਨਸਲਾਂ ਫਸਲਾਂ ਦੇ ਅਸੀਂ ਮਿੱਸੇ ਦਾਣੇ ਹਾਂ ...

ਨਾਨਕ ,ਸ਼ੇਖ ਤਾਮੀਰ ਅਸਾਡੀ ਮੀਆਂਮੀਰ ਬੁਨਿਆਦ
ਮੁੱਢ ਕਦੀਮੀ ਤਵਾਰੀਖ਼ ਜੋ 'ਸਪਤ ਸਿੰਧ' ਵਿੱਚ ਹੋਈ ਆਬਾਦ
ਅਸੀਂ ਹੜਪਾ ਦੇ ਖੰਡਰਾਂ ਤੋਂ ਵੱਧ ਪੁਰਾਣੇ ਹਾਂ
ਵੱਖ਼ ਵੱਖ਼ ਨਸਲਾਂ ਫਸਲਾਂ ਦੇ ਅਸੀਂ ਮਿੱਸੇ ਦਾਣੇ ਹਾਂ ...

ਕੋਈ ਨਾ ਦੁਪਰਿਆਰਾ ਬਾਹਰਾ ਸਭ ਹਮਸਾਏ ਹਾਂ
ਹਿੰਦੂ ਮੁਸਲਿਮ ਸਿੱਖ਼ ‘ਪੰਜਾਬੀ’ ਮਾਂ ਦੇ ਜਾਏ ਹਾਂ
ਦੁੱਲ੍ਹੇ ਤੇ ਬੁੱਲ੍ਹੇ ਦੇ ਵਾਰਸ ਜਾਂਦੇ ਜਾਣੇ ਹਾਂ
ਵੱਖ਼ ਵੱਖ਼ ਨਸਲਾਂ ਫਸਲਾਂ ਦੇ ਅਸੀਂ ਮਿੱਸੇ ਦਾਣੇ ਹਾਂ ...

ਸਤਨਾਜੇ ਦੇ ਵਾਂਗੂੰ ਜਾਤਾਂ ਗੋਤ ਕਬੀਲੇ ਨੇ
ਜਾਂ ਜਿਓਂ ਫੁੱਲ ਗੁਲਾਬੀ ਤੇ ਕੁਝ ਕਾਲੇ ਪੀਲੇ ਨੇ
ਇੱਕੋ ਨੂਰ ਤੋਂ ਉਪਜੇ ਭਾਵੇਂ ਭਿੰਨ ਭਿੰਨ ਬਾਣੇ ਹਾਂ
ਵੱਖ਼ ਵੱਖ਼ ਨਸਲਾਂ ਫਸਲਾਂ ਦੇ ਅਸੀਂ ਮਿੱਸੇ ਦਾਣੇ ਹਾਂ ...

ਦਰਿਆਵਾਂ ਜਿਹੀ ਤੋਰ ਅਸਾਡੀ ਤੇ ਅਲਬੇਲੇ ਹਾਂ
ਅਸੀਂ ਤਾਂ ਰੱਬ ਦੇ ਨਾਲ ਵੀ ਲੁਕਣਮੀਚੀ ਖੇਲੇ ਹਾਂ
ਹਰ ਜਾਬਰ ਤੋਂ ਨਾਬਰ ਹੋਣ ਲਈ ਗਏ ਪਛਾਣੇ ਹਾਂ
ਵੱਖ਼ ਵੱਖ਼ ਨਸਲਾਂ ਫਸਲਾਂ ਦੇ ਅਸੀਂ ਮਿੱਸੇ ਦਾਣੇ ਹਾਂ ...

ਜਿਵੇਂ ਨਦੀਨ ਵੀ ਉੱਗ ਪੈਂਦੇ ਨੇ ਨਾਲ ਹੀ ਫਸਲਾਂ ਦੇ
ਫੁੱਟ ਵੀ ਕਿਧਰੇ ਫੁੱਟ ਪੈਂਦੀ ਆਪਸ ਵਿੱਚ ਨਸਲਾਂ ਦੇ
ਕਿੰਜ ਬਚਾਉਣੀ ਫਸਲ ਜਾਣਦੇ ਸੁਘੜ ਸਿਆਣੇ ਹਾਂ
ਵੱਖ਼ ਵੱਖ਼ ਨਸਲਾਂ ਫਸਲਾਂ ਦੇ ਅਸੀਂ ਮਿੱਸੇ ਦਾਣੇ ਹਾਂ ...

# اُچابرج لاہور بنام افضل احسن رندھاوا*

اج سکھنی سکھنی جاپدی ہے پنج آبے دی ستھ
اج آباں دی وی جاپدی ہو گئی ہے نم اکھ
لائل پورے دی بار ’چوں تر گئی پنجاب دی روح
پنچھی گم سم جاپدے تے چپ نے ہلٹ تے کھوہ
کھرلی اتے بجھیاں مجھیاں اج نراش
کسے نے کنڈ نہ تھاپڑی کوئی نہ آیا پاس
پیلیاں سبھ غمگین نے فصلاں اج اداس
روہیاں وچ رکھ رورہے وٹاں اتے گھاس
اج امرتسر لاہور نوں اکو جنا سوگ
واہگے دا پل ٹٹیا چارے کونٹ ویوگ
اوہ انوکھا شخص سی جیوں الوکار دریا
وگدا الہندے ول توں چڑھدے ول نوں آ

---

* پنجابی ماں بولی دے سچے سپوت جناب افضل احسن رندھاوا دے فوت ہون ویلے

کانی فانی ہو گئی لکھدی ماں دے بول
سخن نال پر بھر گئی ماں پنجاب دی جھول
گھور گھنا اک بوہڑ سی ڈگا اج چوپھال
کنا کجھ سی ڈھیہ پیاڈ گدے بوہڑ دے نال
خون 'چ ہوندے سی کدے جسدے پنج دریا
اک پل اندر بن گیا اوہ سالم صحرا
راوی پائے کیر نے ستلج ماری دھاہ
جہلم جھنا تے بیاس دا پانی گیا پتھرا
اوہدی شملے والی پگ سی جیوں اچا برج لاہور
اوہ دوجا دلا جمیا اک پنجابن ہور
اسدی کایا وچ سی نانک اتے فرید
وارث وارث شاہ دا بلے دا مرید
سخنوراں نہ کدے وی مرنا جینا جگ جگ تیک
ایہناں نوں ور امر ہون دا جیوں جیوندے لوک گیت
افضل احسن فوت نہ ہویا فوت ہویا کجھ ہور
اوہ تاں جیندا اوچ عبارت گورپیا کجھ ہور

# ਉੱਚਾ ਬੁਰਜ ਲਾਹੌਰ ਬਨਾਮ ਅਫ਼ਜ਼ਲ ਅਹਿਸਨ ਰੰਧਾਵਾ*

ਅੱਜ ਸੱਖਣੀ ਸੱਖਣੀ ਜਾਪਦੀ ਹੈ ਪੰਜ ਆਬੇ ਦੀ ਸੱਥ
ਅੱਜ ਆਬਾਂ ਦੀ ਵੀ ਜਾਪਦੀ ਹੋ ਗਈ ਹੈ ਨਮ ਅੱਖ
ਲਾਇਲਪੁਰੇ ਦੀ ਬਾਰ 'ਚੋਂ ਤੁਰ ਗਈ ਪੰਜਾਬ ਦੀ ਰੂਹ
ਪੰਛੀ ਗੁਮਸੁਮ ਜਾਪਦੇ ਤੇ ਚੁੱਪ ਨੇ ਹਲਟ ਤੇ ਖੂਹ
ਖੁਰਲੀ ਉੱਤੇ ਬੱਝੀਆਂ ਮੱਝੀਆਂ ਅੱਜ ਨਿਰਾਸ਼
ਕਿਸੇ ਨੇ ਕੰਡ ਨਾ ਥਾਪੜੀ ਕੋਈ ਨਾ ਆਇਆ ਪਾਸ
ਪੈਲੀਆਂ ਸਭ ਗਮਗੀਨ ਨੇ ਫਸਲਾਂ ਅੱਜ ਉਦਾਸ
ਰੋਹੀਆਂ ਵਿੱਚ ਰੁੱਖ ਰੋ ਰਹੇ ਵੱਟਾਂ ਉੱਤੇ ਘਾਸ
ਅੱਜ ਅਮ੍ਰਿਤਸਰ ਲਾਹੌਰ ਨੂੰ ਇੱਕੋ ਜਿੰਨਾ ਸੋਗ
ਵਾਹਗੇ ਦਾ ਪੁਲ ਟੁੱਟਿਆ ਚਾਰੇ ਕੂੰਟ ਵਿਯੋਗ
ਉਹ ਅਨੋਖਾ ਸ਼ਕਸ ਸੀ ਜਿਓਂ ਅਲੋਕਾਰ ਦਰਿਆ
ਵਗਦਾ ਲਹਿੰਦੇ ਵੱਲ ਤੋਂ ਚੜ੍ਹਦੇ ਵੱਲ ਨੂੰ ਆ
ਕਾਨੀ ਫ਼ਾਨੀ ਹੋ ਗਈ ਲਿਖਦੀ ਮਾਂ ਦੇ ਬੋਲ
ਸੁਖਨ ਨਾਲ ਪਰ ਭਰ ਗਈ ਮਾਂ ਪੰਜਾਬ ਦੀ ਝੋਲ
ਘੋਰ ਘਣਾ ਇੱਕ ਬੋਹੜ ਸੀ ਡਿੱਗਾ ਅੱਜ ਚੌਫਾਲ

---

* *(ਪੰਜਾਬੀ ਦੇ ਮਾਂ ਬੋਲੀ ਦੇ ਸੱਚੇ ਸਪੂਤ ਜਨਾਬ ਅਫ਼ਜ਼ਲ ਅਹਿਸਨ ਰੰਧਾਵਾ ਦੇ ਫ਼ੌਤ ਹੋਣ ਵੇਲੇ )*

ਕਿੰਨਾ ਕੁਝ ਸੀ ਢਹਿ ਪਿਆ ਡਿਗਦੇ ਬੋਹੜ ਦੇ ਨਾਲ
ਖੂਨ 'ਚ ਵਹਿੰਦੇ ਸੀ ਕਦੇ ਜਿਸਦੇ ਪੰਜ ਦਰਿਆ
ਇੱਕ ਪਲ ਅੰਦਰ ਬਣ ਗਿਆ ਉਹ ਸਾਲਮ ਸਹਿਰਾਅ
ਰਾਵੀ ਪਾਏ ਕੀਰਨੇ ਸਤਲੁਜ ਮਾਰੀ ਧਾਹ
ਜਿਹਲਮ ਝਨਾ ਤੇ ਬਿਆਸ ਦਾ ਪਾਣੀ ਗਿਆ ਪਥਰਾ
ਉਹਦੀ ਸ਼ਮਲੇ ਵਾਲੀ ਪੱਗ ਸੀ ਜਿਓਂ ਉੱਚਾ ਬੁਰਜ ਲਾਹੌਰ
ਉਹ ਦੂਜਾ ਦੁੱਲਾ ਜੰਮਿਆ ਇੱਕ ਪੰਜਾਬਣ ਹੋਰ
ਉਸਦੀ ਕਾਇਆ ਵਿੱਚ ਸੀ ਨਾਨਕ ਅਤੇ ਫਰੀਦ
ਵਾਰਸ ਵਾਰਸਸ਼ਾਹ ਦਾ ਬੁੱਲੇ ਦਾ ਮੁਰੀਦ
ਸੁਖਨਵਰਾਂ ਨਾ ਕਦੇ ਵੀ ਮਰਨਾ ਜੀਣਾ ਜੁੱਗ ਜੁੱਗ ਤੀਕ
ਇਹਨਾ ਨੂੰ ਵਰ ਅਮਰ ਹੋਣ ਦਾ ਜਿਓਂ ਜੀਊਂਦੇ ਲੋਕ ਗੀਤ
ਅਫਜਲ ਅਹਿਸਨ ਫ਼ੌਤ ਨਾ ਹੋਇਆ ਫ਼ੌਤ ਹੋਇਆ ਕੁਝ ਹੋਰ
ਉਹ ਤਾਂ ਜੀਂਦਾ ਵਿੱਚ ਇਬਾਰਤ ਗੋਰ ਪਿਆ ਕੁਝ ਹੋਰ

# ماں بولی دی صفت وچ کجھ لفظ

اج بندے نوں دو ہی خطرے
اک گولی دا اک بولی دا

مٹی کدے نہ توڑدی خود مٹی دا موہ
بول وی بولی دے کدے سکدا نہ کوئی کھوہ

نہ وی بدلن تھاں وی بدلن
بدلن شہر گراں
جس وی ککھوں جمیا کوئی
بدلے نہ اوہ ماں
ماں بولی تے ماں دی ککھ دا
قرضہ اُترے نہ

کایا دے کاگد تے خنیا
سچ نہ بدلے سیاہی نال
پتر پنجابی پتر پنجابی
صدیاں بدیاں سمیں بھیال

ست مٹی داستیا اسدی
فصلاں دے وچ پے جاوے
فصلاں راہیں کن کن مٹی
کایا اندر لہہ جاوے
ماں دودھ تھانی ماں بولی وی
کن کن خون 'چ وہِ جاوے

بولی پیر فقیراں دی ایہہ
سچے پاتشاہاں دی
کسے مقدم دی نہی گولی
نہ کوڑ بادشاہاں دی

اک پلاہی جنگلی سبزہ
ودھدا قادر مٹی زور
جس بوٹے دی جڑھ مٹی وچ
کدے نہ ہووے اوہ کمزور
ٹٹ ٹٹ کے ہے پھر فٹ پیندا
جھکھڑاوَن کنے مونہہ جور
لوک بول وی اے داں ای ہر دم
ہر وریائے نویں نکور

ماں بولی تے ماں ہے آخر
ہور ماسیاں تائیاں نے

کڑماچاری مان اہنانوں
جت جائیاں پرنائیاں نے
رشتے تھاؤں تھائیں سوہندے
دھرتوں بنیاں آئیاں نے
ماں جہیاں پر ماں نہ ہوون
جی آیاں جو آئیاں نے

ماں دی تھاں کوئی لے نہیں سکدا
نہ کوئی دے سکدا اے
لکھوں ہوند ہوند، نوں رشتے
رشتیاں وچ جگ وسدا اے
ماں چھاں دے بن ہر اک رشتہ
لکھ دا الگدا اکھ دا اے

بولی تے سبھ دی سانجھی ہے
فرقے دا کیہ بکھیڑا اے
فرقے تاں اسدے فقرے نے
کوئی تیرا اے کوئی میرا اے
پنڈ پنجاب ہے عالم سانجھا
وکھو وکھ گھریں بسیرا اے
چنت پری نیناتے جوالا
بڑا انرالا گھیرا اے
اک گھر وسدا پار سمندروں
جسدا جس بتھیرا اے

اک گھر امر تسر ہے وسدا
اک لاہور 'چ ڈیرہ ہے

بولی دے بول تے سانجھے نے
سکھ ہندو مسلم مانجے نے
اس وچ پیراں دی روح وسدی
گر اج تک بول سناندے نے
اس بولی وچ سی ہیر کیہا
بھج یریتاں دے وچ رانجھے نے
بے غیرت نے جاں لاوارث
جو ماں بولی توں وانجھے نے
جنگ ظفر تے حکم نامے
واراں تے سی ہر پھیاں
قصے الاں اکھان کہانے
کافیاں وی نے اشرفیاں
گھوڑیاں، کامن، سہاگ، سٹھنیاں
ڈھولے، جندوئے ماہیئے
بھنگڑے، گدھے، ککلی، جھومر
لڈی دھمالاں پایئے
سراں تے سداں انت نہ کوئی
وارے وارے جایئے
سٹھ، الاہونیاں وین سیاپے
کیہ کیہ ہور گنایئے

پنج سچے بھانت سبھانتے
باراں ماہنہ تے سٹھ گلزار
بہور نگی تے اشٹ بھجاوی
بولی سادہ بہار
بہاولپوری لاہوری جھانگی
تے دھن پوٹھوہار
پوادھ دوابی نالے ماجھی
ملوئی وڈ اکار
کانگڑ، بانگر اتے ڈوگری
گزری ساکا چار
ہندڑ ہیل تے بانگی نڈھی
ایہہ نخریلی نار
کھاندی پیندی ایہہ پنجابن
بڑی ہاضمے دار
سنسکری، پراکرت تے ہندی
اسدے سانجھ ادھار
پشتو عربی اتے فارسی
اسدے وچ شمار"

# ਮਾਂ ਬੋਲੀ ਦੀ ਸਿਫਤ ਵਿੱਚ ਕੁਝ ਲਫਜ਼

ਅੱਜ ਬੰਦੇ ਨੂੰ ਦੋ ਹੀ ਖਤਰੇ
ਇੱਕ ਗੋਲੀ ਦਾ ਇੱਕ ਬੋਲੀ ਦਾ

ਮਿੱਟੀ ਕਦੇ ਨਾ ਤੋੜਦੀ ਖੁਦ ਮਿੱਟੀ ਦਾ ਮੋਹ
ਬੋਲ ਵੀ ਬੋਲੀ ਦੇ ਕਦੇ ਸਕਦਾ ਨਾ ਕੋਈ ਖੋਹ

ਨਾ ਵੀ ਬਦਲਣ ਥਾਂ ਵੀ ਬਦਲਣ
ਬਦਲਣ ਸ਼ਹਿਰ ਗਰਾਂ
ਜਿਸ ਵੀ ਕੁੱਖੋਂ ਜੰਮਿਆ ਕੋਈ
ਬਦਲੇ ਨਾ ਓਹ ਮਾਂ
ਮਾਂ ਬੋਲੀ ਤੇ ਮਾਂ ਦੀ ਕੁੱਖ ਦਾ
ਕਰਜਾ ਉਤਰੇ ਨਾ

ਕਾਇਆ ਦੇ ਕਾਗਦ ਤੇ ਖ਼ੁਣਿਆ
ਸੱਚ ਨਾ ਬਦਲੇ ਸਿਆਹੀ ਨਾਲ
ਪੁੱਤਰ ਪੰਜਾਬੀ ਪਿਤਰ ਪੰਜਾਬੀ
ਸਦੀਆਂ ਬਦੀਆਂ ਸਮੇਂ ਭਿਆਲ

ਸਤ ਮਿੱਟੀ ਦਾ ਸੱਤਿਆ ਇਸਦੀ
ਫਸਲਾਂ ਦੇ ਵਿੱਚ ਪੈ ਜਾਵੇ
ਫਸਲਾਂ ਰਾਹੀਂ ਕਣ ਕਣ ਮਿੱਟੀ
ਕਾਇਆ ਅੰਦਰ ਲਹਿ ਜਾਵੇ

ਮਾਂ ਦੁੱਧ ਥਾਣੀ ਮਾਂ ਬੋਲੀ ਵੀ
ਕਣ ਕਣ ਖ਼ੂਨ 'ਚ ਵਹਿ ਜਾਵੇ

ਬੋਲੀ ਪੀਰ ਫ਼ਕੀਰਾਂ ਦੀ ਇਹ
ਸੱਚੇ ਪਾਤਸ਼ਾਹਾਂ ਦੀ
ਕਿਸੇ ਮੁਕੱਦਮ ਦੀ ਨਹੀ ਗੋਲੀ
ਨਾ ਕੂੜ ਬਾਦਸ਼ਾਹਾਂ ਦੀ

ਅੱਕ ਪਲਾਹੀ ਜੰਗਲੀ ਸਬਜ਼ਾ
ਵਧਦਾ ਕਾਦਰ ਮਿੱਟੀ ਜ਼ੋਰ
ਜਿਸ ਬੂਟੇ ਦੀ ਜੜ੍ਹ ਮਿੱਟੀ ਵਿੱਚ
ਕਦੇ ਨਾ ਹੋਵੇ ਓਹ ਕਮਜ਼ੋਰ
ਟੁੱਟ ਟੁੱਟ ਕੇ ਹੈ ਫਿਰ ਫੁੱਟ ਪੈਂਦਾ
ਝੱਖੜ ਅਓਣ ਕਿੰਨੇ ਮੂੰਹਜੋਰ
ਲੋਕ-ਬੋਲ ਵੀ ਏਦਾਂ ਈ ਹਰਦਮ
ਹਰਵਰਿਆਏ ਨਵੇਂ ਨਕੋਰ

ਮਾਂ ਬੋਲੀ ਤੇ ਮਾਂ ਹੈ ਆਖਰ
ਹੋਰ ਮਾਸੀਆਂ ਤਾਈਆਂ ਨੇ
ਕੁੜਮਾਚਾਰੀ ਮਾਣ ਉਹਨਾ ਨੂੰ
ਜਿਤ ਜਾਈਆਂ ਪ੍ਰਨਾਈਆਂ ਨੇ
ਰਿਸ਼ਤੇ ਥਾਓਂ ਥਾਈਂ ਸੋਹੰਦੇ
ਧੁਰ ਤੋਂ ਬਣੀਆਂ ਆਈਆਂ ਨੇ
ਮਾਂ ਜਿਹੀਆਂ ਪਰ ਮਾਂ ਨਾ ਹੋਵਣ
ਜੀ ਆਇਆਂ ਜੋ ਆਈਆਂ ਨੇ

ਮਾਂ ਦੀ ਥਾਂ ਕੋਈ ਲੈ ਨਹੀਂ ਸਕਦਾ
ਨਾ ਕੋਈ ਦੇ ਸਕਦਾ ਹੈ
ਕੁੱਖੋਂ ਹੋਂਦ ਹੋਂਦ, ਨੂੰ ਰਿਸ਼ਤੇ

ਰਿਸ਼ਤਿਆਂ ਵਿੱਚ ਜੱਗ ਵਸਦਾ ਹੈ
ਮਾਂ ਛਾਂ ਦੇ ਬਿਨ ਹਰ ਇੱਕ ਰਿਸ਼ਤਾ
ਲੱਖ ਦਾ ਲਗਦਾ ਕੱਖ ਦਾ ਹੈ

ਬੋਲੀ ਤੇ ਸਭ ਦੀ ਸਾਂਝੀ ਹੈ
ਫਿਰਕੇ ਦਾ ਕੀ ਬਿਖੇੜਾ ਹੈ
ਫ਼ਿਰਕੇ ਤਾਂ ਇਸਦੇ ਫ਼ਿਕਰੇ ਨੇ
ਕੋਈ ਤੇਰਾ ਹੈ ਕੋਈ ਮੇਰਾ ਹੈ
ਪਿੰਡ ਪੰਜਾਬ ਹੈ ਆਲਮ ਸਾਂਝਾ
ਵੱਖ ਵੱਖ ਘਰੀਂ ਬਸੇਰਾ ਹੈ
ਚਿੰਤਪੁਰੀ ਨੈਣਾ ਤੇ ਜਵਾਲਾ
ਬੜਾ ਨਿਰਾਲਾ ਘੇਰਾ ਹੈ
ਇੱਕ ਘਰ ਵਸਦਾ ਪਾਰ ਸਮੁੰਦਰੋਂ
ਜਿਸਦਾ ਜਸ ਬਥੇਰਾ ਹੈ
ਇੱਕ ਘਰ ਅੰਮ੍ਰਿਤਸਰ ਹੈ ਵਸਦਾ
ਇੱਕ ਲਾਹੌਰ ‘ਚ ਡੇਰਾ ਹੈ

ਬੋਲੀ ਦੇ ਬੋਲ ਤੇ ਸਾਂਝੇ ਨੇ
ਸਿੱਖ ਹਿੰਦੂ ਮੁਸਲਿਮ ਮਾਂਜੇ ਨੇ
ਇਸ ਵਿੱਚ ਪੀਰਾਂ ਦੀ ਰੂਹ ਵੱਸਦੀ
ਗੁਰ ਅੱਜ ਤੱਕ ਬੋਲ ਸੁਣਾਂਦੇ ਨੇ
ਇਸ ਬੋਲੀ ਵਿੱਚ ਸੀ ਹੀਰ ਕਿਹਾ
ਭਿੱਜ ਪ੍ਰੀਤਾਂ ਦੇ ਵਿੱਚ ਰਾਂਝੇ ਨੇ
ਬੈਗੈਰਤ ਨੇ ਜਾਂ ਲਾਵਾਰਸ
ਜੋ ਮਾਂ ਬੋਲੀ ਤੋਂ ਵਾਂਝੇ ਨੇ
ਜੰਗ ਜ਼ਫ਼ਰ ਤੇ ਹੁਕਮਨਾਮੇ
ਵਾਰਾਂ ਤੇ ਸੀ ਹਰਫੀਆਂ
ਕਿੱਸੇ ਅੱਲਾਂ ਅਖਾਣ ਕਹਾਣੇ

ਕਾਫੀਆਂ ਵੀ ਨੇ ਅਸ਼ਰਫੀਆਂ
ਘੋੜਿਆਂ ,ਕਾਮਨ ,ਸੁਹਾਗ ,ਸਿੱਠਣੀਆਂ
ਢੋਲੇ,ਜਿੰਦੂਏ ਮਾਹੀਏ
ਭੰਗੜੇ ,ਗਿੱਧੇ ,ਕਿੱਕਲੀ ,ਛੂਮਰ
ਲੁੱਡੀ ਧਮਾਲਾਂ ਪਾਈਏ
ਸੁਰਾਂ ਤੇ ਸੱਦਾਂ ਅੰਤ ਨਾ ਕੋਈ
ਵਾਰੇ ਵਾਰੇ ਜਾਈਏ
ਸਿੱਠ ,ਅਲਾਹੁਣੀਆਂ ਵੈਣ ਸਿਆਪੇ
ਕੀ ਕੀ ਹੋਰ ਗਿਣਾਈਏ

ਚੱਜ ਸੁਚੱਜੇ ਭਾਂਤ ਸੁਭਾਂਤੇ
ਬਾਰਾਂ ਮਾਂਹ ਤੇ ਸਿੱਠ ਗੁਲਜ਼ਾਰ
ਬਹੁਰੰਗੀ ਤੇ ਅਸ਼ਟ ਭੁਜਾਵੀ
ਬੋਲੀ ਸਾਦਾ ਬਹਾਰ
ਬਹਾਵਲਪੁਰੀ ਲਾਹੌਰੀ ਝਾਂਗੀ
ਤੇ ਧਨ ਪੋਠੋਹਾਰ
ਪੁਆਧ ਦੁਆਬੀ ਨਾਲੇ ਮਾਝੀ
ਮਲਵਈ ਵੱਡ ਅਕਾਰ
ਕਾਂਗੜ ,ਬਾਂਗਰ ਅਤੇ ਡੋਗਰੀ
ਗੁਜਰੀ ਸਾਕਾਚਾਰ
ਹੁੰਦੜਹੇਲ ਤੇ ਬਾਂਕੀ ਨੱਢੀ
ਇਹ ਨਖਰੀਲੀ ਨਾਰ
ਖਾਂਦੀ ਪੀਂਦੀ ਇਹ ਪੰਜਾਬਣ
ਬੜੀ ਹਾਜਮੇਂਦਾਰ
ਸੰਸਗਿਰੀ,ਪ੍ਰਾਕਿਰਤ ਤੇ ਹਿੰਦੀ
ਇਸਦੇ ਸਾਂਝ ਅਧਾਰ
ਪਸ਼ਤੋ ਅਰਬੀ ਅਤੇ ਫ਼ਾਰਸੀ
ਇਸਦੇ ਵਿੱਚ ਸ਼ੁਮਾਰ "